ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

ਹਮ ਇਹ ਕਾਜ ਜਗਤ ਮੋ ਆਏ॥ ਧਰਮ ਹੇਤ ਗੁਰਦੇਵ ਪਠਾਏ॥

# ਖਾਲਸਾ ਸਮਾਚਾਰ

Khalsa Samachar

ਸੰਸਥਾਪਕ
ਭਾਈ ਸਾਹਿਬ ਭਾਈ ਵੀਰ ਸਿੰਘ

Founded by
BHAI VIR SINGH IN 1899 A.D.

ਸਪਤਾਹਿਕ/ਨਵੀਂ ਦਿੱਲੀ
ਸਥਾਪਤ 1899 ਈ.
www.bvsss.org
ਫ਼ੀ ਪਰਚਾ 5/-

ਅੰਕ ੩੯ ਜਿਲਦ ੩੦ ੮-੧੪ ਅਕਤੂਬਰ ੨੦੨੦, ੨੩-੨੯ ਅੱਸੂ ੨੦੭੭ ਨਾਨਕਸ਼ਾਹੀ ਸੰਮਤ ੫੫੨

ਸਾਲਾਨਾ ਚੰਦਾ ਦੇਸ਼ ੨੫੦/-, ਵਿਦੇਸ਼ ੨੫੦੦/- ਅਤੇ ਲਾਈਫ਼ ਮੈਂਬਰਸ਼ਿਪ ਦੇਸ਼ ੨੫੦੦/-, ਵਿਦੇਸ਼ ੨੫੦੦੦/-

Issue 39 Volume 30, 8-14 October 2020

Yearly Subscription India 250/-, Abroad 2500/- and Life Membership India 2500/-, Abroad 25000/-


## ਸਾਡੀਆਂ ਉਮੈਦਾਂ

❖ **ਭਾਈ ਸਾਹਿਬ ਭਾਈ ਵੀਰ ਸਿੰਘ**

ਦੁਨੀਆਂ ਉਮੈਦਾਂ ਨਾਲ ਕਾਇਮ ਹੈ, ਅਰ ਉਮੈਦਾਂ ਕਾਮਯਾਬੀਆਂ ਨਾਲ ਸੁਰਜੀਤ ਰਹਿੰਦੀਆਂ ਹਨ ਤੇ ਕਾਮਯਾਬੀਆਂ ਹਿੰਮਤਾਂ ਬਿਨਾਂ ਨਹੀਂ ਹੁੰਦੀਆਂ। ਕਹਿੰਦੇ ਹਨ ਇਕ ਦਰਿਦ੍ਰੀ ਇਕ ਬੇਰੀ ਹੇਠ ਲੰਮਾ ਪਿਆ ਸੀ ਕਿ ਇਕ ਲਾਲ ਸੂਹਾ ਬੇਰ ਢਹਿਕੇ ਉਸ ਦੀ ਛਾਤੀ ਪਰ ਆ ਪਿਆ। ਭੁੱਖਾ ਤਾਂ ਸੀ ਪਰ ਦਰਿਦ੍ਰੀ ਹੋਣ ਕਰਕੇ ਬੇਰ ਨੂੰ ਚੱਕ ਕੇ ਮੂੰਹ ਵਿਚ ਨਾ ਪਾਇਆ। ਇਕ ਰਾਹੀ ਕੋਲੋਂ ਦੀ ਲੰਘਿਆ ਕਹਿਣ ਲਗਾ: ਓਏ ਭਰਾਵਾ ਮੈਂ ਭੁੱਖ ਖੁਣੋ ਮਰ ਚਲਿਆ ਹਾਂ। ਰਾਹੀ ਨੇ ਕਿਹਾ: ਤੇਰੀ ਛਾਤੀ ਤੇ ਬੇਰ ਪਿਆ ਹੈ ਇਹ ਕਿਉਂ ਨਹੀਂ ਖਾਂਦਾ? ਕਹਿਣ ਲਗਾ: ਕੌਣ ਉੱਦਮ ਕਰੇ ਜੋ ਚੁੱਕ ਕੇ ਮੇਰੇ ਮੂੰਹ ਵਿਚ ਪਾਵੇ। ਰਾਹੀ ਬੋਲਿਆ: ਜੋ ਐਨਾ ਦਲਿੱਦ੍ਰੀ ਹੈ, ਉਸ ਦੀ ਸਹਾਇਤਾ ਤਾਂ ਦੇਵ ਬੀ ਨਹੀਂ ਕਰ ਸਕਦਾ। ਦੇਵ-ਸਹਾਇਤਾ ਬੀ ਉਹਨਾਂ ਪਰ ਤੁੱਠਦੀ ਹੈ, ਜੋ ਸ੍ਵੈ-ਸਹਾਇਤਾ ਕਰਨ ਲਈ ਉਦਮੀ ਹੁੰਦੇ ਹਨ, ਦਰਿੱਦ੍ਰੀਆਂ ਲਈ ਕੋਈ ਸਹਾਇਤਾ ਨਹੀਂ। ਇਕ ਸਿਆਣਾ ਆਖਿਆ ਕਰਦਾ ਸੀ ਕਿ ਸ਼ੁਭ ਕਰਮਾਂ ਦੇ ਕਰਨ ਵਾਲੇ ਤੋਂ ਅਪ-ਕਰਮੀ ਪੁਰਖ ਬਹੁਤ ਬੁਰਾ ਹੈ ਪਰ ਮੈਂ ਦਰਿੱਦ੍ਰੀ ਨੂੰ ਅਪ-ਕਰਮੀ ਤੋਂ ਬੀ ਨਖਿੱਧ ਸਮਝਦਾ ਹਾਂ। ਜਦ ਵੀਚਾਰ ਕਰੀਏ ਤਦ ਸਮਝ ਆਉਂਦੀ ਹੈ ਕਿ ਅਪ-ਕਰਮੀ ਤਾਂ ਜਦੋਂ ਕਦੇ ਕੋਈ ਠੁਹਕਰ ਖਾ ਬੈਠਾ ਯਾ ਸਤਿਸੰਗ ਦੀ ਚੋਟ ਹੇਠ ਆ ਗਿਆ, ਤਦੋਂ ਹੀ ਉਸ ਦਾ ਸਾਹਸ ਤੇ ਉੱਦਮ ਪਲਟਾ ਖਾ ਜਾਏਗਾ ਤੇ ਉਹ ਭਲੇ ਪਾਸੇ ਲਗ ਜਾਏਗਾ, ਪਰ ਜੋ ਹੈ ਹੀ ਦਰਿੱਦ੍ਰੀ ਉਸ ਨੇ ਕਦੇ ਭਲੇ ਪਾਸੇ ਲਗਣਾ ਹੀ ਨਹੀਂ। ਇਸ ਕਰਕੇ ਉਸ ਦਾ ਰੋਗ ਅਸਾਧ ਹੈ, ਅਰ ਅਪਕਰਮੀ ਤੋਂ ਬੀ ਉਸ ਦੀ ਦਸ਼ਾ ਹੀਣੀ ਹੈ।

ਉੱਦਮੀ ਆਦਮੀ ਵਿਚ ਵਾਹਿਗੁਰੂ ਦੀ ਕੁਦਰਤ ਕੰਮ ਕਰਦੀ ਦਿੱਸਦੀ ਹੈ, ਵਾਹਿਗੁਰੂ ਆਪ ਸਰਬ ਸ਼ਕਤੀਮਾਨ ਕਹੀਦਾ ਹੈ, ਜਿਸ ਦਾ ਮਤਲਬ ਹੈ ਕਿ ਉਸ ਵਿਚ ਹਦ ਦਰਜੇ ਦੀ ਤਾਕਤ ਹੈ। ਤਾਕਤ ਸੁਸਤੀ ਦੇ ਉਲਟ ਹੋਇਆ ਕਰਦੀ ਹੈ। ਤਾਂ ਤੇ ਜੋ ਪੁਰਖ ਉੱਦਮੀ ਹੈ, ਉਸ ਵਿਚ ਵਾਹਿਗਰੂ ਦੀ ਸੱਤਾ ਵਧੀਕ ਕੰਮ ਕਰ ਰਹੀ ਹੈ। ਜੋ ਪੁਰਖ ਦਰਿੱਦ੍ਰੀ ਹੈ, ਉਹ ਵਾਹਿਗੁਰੂ ਦੇ ਨੇੜੇ ਨਹੀਂ ਹੈ, ਪਰ ਉਹੀ ਉਸ ਦੇ ਨੇੜੇ ਹੈ, ਜਿਸ ਦੇ ਲੱਛਣ ਉਸ ਵਿਚ ਘਟਦੇ ਹਨ। ਅਰਥਾਤ ਉਸ ਵਿਚ ਜੜ੍ਹਤਾ ਬਹੁਤੀ ਹੈ, ਤਾਂ ਤੇ ਉਹ ਜੜ੍ਹਤਾ ਦੇ ਨੇੜੇ ਹੈ। ਜੜ੍ਹਤਾ ਲੱਛਣ ਪ੍ਰਕਿਰਤੀ ਯਾ ਮਾਦੇ ਦਾ ਹੈ, ਜੋ ਨਿਰਜੀਵ ਹੈ। ਐਸਾ ਪੁਰਖ ਅਪਣੇ ਆਤਮ ਸਰੂਪ ਤੋਂ ਦੁਰੇਡਾ ਹੋਕੇ ਮਾਯਾ, ਪ੍ਰਕਿਰਤੀ ਯਾ ਮਾਦੇ ਦੇ ਬਹੁਤ ਨੇੜੇ ਜਾ ਚੁਕਾ ਹੈ, ਉਸ ਨੇ ਮਨੁੱਖਾ ਜਨਮ ਵਿਚ ਉੱਨਤੀ ਕਰਕੇ ਆਤਮਾ ਦੇ ਨੇੜੇ ਹੋਣਾ ਸੀ, ਪਰ ਉਹ ਤਾਂ ਥੱਲੇ ਨੂੰ ਗਰਕਦਾ ਜਾ ਰਿਹਾ ਹੈ। ਜੀਵਨ ਪਦਵੀ ਤੋਂ ਠੀਕ ਉਲਟ ਪਾਸੇ ਜਾ ਰਿਹਾ ਹੈ। ਕਿਉਂ ਜੀ ਦਰਿੱਦ੍ਰੀ ਦੀ ਅਵਸਥਾ ਕੈਸੀ ਭਿਆਨਕ ਹੈ?

ਪਰ ਇਥੇ ਇਕ ਹੋਰ ਵੀਚਾਰ ਦੀ ਲੋੜ ਹੈ। ਅਕਸਰ ਸਜਣ ਇਹ ਟਪਲਾ ਖਾ ਜਾਂਦੇ ਹਨ ਕਿ ਸਤੋ ਗੁਣ ਦੀ ਸ਼ਾਂਤੀ ਨੂੰ ਦਰਿੱਦ੍ਰ ਸਮਝ ਲੈਂਦੇ ਹਨ। ਇਹੋ ਕਾਰਨ ਹੈ ਕਿ ਕਈ ਪਰਮਾਰਥ ਦੇ ਤੁਰਾਊ ਇਕ ਅੱਧਾ ਕਦਮ ਚੱਲ ਕੇ, ਭੰਗੀ, ਪੋਸਤੀ, ਮਹਾਂ ਆਲਸੀ ਤੇ ਦਰਿੱਦ੍ਰੀ ਹੋਕੇ ਆਪਣੇ ਦੇਸ਼ ਲਈ ਭਾਰੂ ਹੋ ਜਾਂਦੇ ਹਨ। ਓਹ ਆਲਸ ਤੇ ਸ਼ਾਂਤੀ ਨੂੰ ਇਕ ਸਮਝਕੇ ਭੁਲੇਖਾ ਖਾਕੇ ਅਪਣੇ ਜੀਵਨ ਦਾ ਸਤਿਆਨਾਸ ਕਰ ਲੈਂਦੇ ਹਨ। ਜਿਸ ਤਰ੍ਹਾਂ ਇਕ ਲਾਟੂ ਜ਼ਮੀਨ ਵਿਚ ਗੱਡਿਆ ਹੋਇਆ ਹੋਵੇ ਤੇ ਇਕ ਕਿਸੇ ਜ਼ੋਰਾਵਰ ਨੇ ਜਾਲੀ ਚਾੜ੍ਹਕੇ ਪੂਰੇ ਬਲ ਨਾਲ ਛੱਡਿਆ ਹੋਵੇ, ਦੋਵੇਂ ਲਾਟੂ ਅੱਖਾਂ ਨੂੰ ਖੜੋਤੇ ਹੋਏ ਦੀਹਦੇ ਹਨ, ਪਰ ਦੋਹਾਂ ਵਿਚੋਂ ਇਕ ਸਤਿਆਹੀਨ ਖੜਾ ਹੈ ਤੇ ਦੂਜਾ ਡਾਢੇ ਬਲ ਨਾਲ ਭੌਂ ਰਿਹਾ ਹੈ, ਠੀਕ

## ਅੰਦਰ


- ਬੁਤਕੀਆਂ ਤੇ ਨਿਸ਼ਕਾਮ ਸੇਵਾ 3
- ਸੰਤ ਬਿਮਲਾ ਸਿੰਘ : ਸ੍ਰੀ ਗੁਰੂ ਨਾਨਕ ਦੇਵ ਜੀ ਦੀ ਤਾਲੀਮ 5
- ਪੁਸਤਕ ਪੜਚੋਲ : **ਚੇਤੇ ਵਿਚ ਉਕਰੇ ਸ਼ਿਲਾਲੇਖ** 6
- Sikhs in Netherlands 7
- ਸੌ ਸਾਲ ਪਹਿਲਾਂ : ਅਛੂਤ ਤੇ ਸਿੱਖ 10
- ਸ਼ਬਦ ਵਿਆਖਿਆ 11
- ਖ਼ਬਰ-ਸਾਰ 12

ਇਹੋ ਹਾਲਤ ਆਲਸ ਅਤੇ ਸ਼ਾਂਤੀ ਦੀ ਹੈ। ਜ਼ਾਹਰਾ ਸ਼ਕਲ ਇਕਸਾਰ ਦੀਹਦੀ ਹੈ ਪਰ ਵਾਸਤਵ ਵਿਚ ਜ਼ਮੀਨ ਅਸਮਾਨ ਦਾ ਫਰਕ ਹੈ।

ਅਛਾ ਇਸ ਫਰਕ ਨੂੰ ਸਮਝ ਲੈਣ ਦੇ ਬਾਦ ਬੀ ਅਸੀਂ ਕਿਥੇ ਅੱਪੜੇ ਕਿ ਦਰਿੱਦ੍ਰੀ ਦੀ ਅਵਸਥਾ ਬਹੁਤ ਭਿਆਨਕ ਹੈ। ਹੁਣ ਵੀਚਾਰ ਕਰੋ ਕਿ ਖਾਲਸਾ ਜੋ ਉੱਦਮੀ ਹਨ ਯਾ ਦਰਿੱਦ੍ਰੀ? ਜੇ ਇਨ੍ਹਾਂ ਦਾ ਪੁਰਾਤਨ ਇਤਿਹਾਸ ਵੇਖੀਏ ਤਦ ਤਾਂ ਇਨ੍ਹਾਂ ਵਰਗਾ ਉਦਮੀ ਸਾਹਸੀ ਸੰਸਾਰ ਭਰ ਵਿਚ ਲੱਭਣਾ ਕਠਨ ਹੈ। 'ਤਿਆਰ ਬਰਤਿਆਰ' ਏਹ ਬੋਲਾ ਹਰ ਖਾਲਸੇ ਦੇ ਮੂੰਹ ਵਿਚ ਹੁੰਦਾ ਸੀ। ਪਰ ਜਦ ਅਜ ਕਲ ਦੀ ਅਵਸਥਾ ਵਲ ਵੇਖੀਏ ਤਦ ਇਸ ਦੇ ਉਲਟ ਦੀਹਦੀ ਹੈ। ਆਲਸ ਤੇ ਦਰਿੱਦ੍ਰ ਦੇ ਥਾਂ ਥਾਂ ਡੇਰੇ ਹਨ। ਆਪਣੇ ਨਿਜ ਦੇ ਕੰਮਾਂ ਤੇ ਵਤੀਰਿਆਂ ਵਿਚ ਆਲਸਾਂ ਦੇ ਡੇਰੇ ਲਗ ਰਹੇ ਹਨ। ਉਧਰ ਕੌਮੀ ਕੰਮਾਂ ਦੇ ਵਿਚ ਸਾਂਝਾ ਪ੍ਰਯਤਨ ਬੀ ਆਲਸ ਦੀ ਦੱਬ ਹੇਠ ਹੈ। ਕਿਸੇ ਕਾਰਜ ਲਈ ਖਾਲਸਾ ਜੀ ਕਮਰਕਸੇ ਕਰਦਿਆਂ ਤੇ ਤਿਆਰ ਹੁੰਦਿਆਂ ਯਾ ਤਾਂ ਅਫੀਮੀਆਂ ਵਾਂਙੂ ਸਵੇਰ ਤੋਂ ਲੌਢਾ ਪਹਿਰ ਕਰ ਦੇਂਦੇ ਹਨ, ਜਾਂ ਪੋਸਤੀਆਂ ਵਾਂਙੂ ਜਿਉਂ ਤਾਰ ਬੱਝਦੀ ਹੈ ਫੇਰ ਪਿਆ ਚੰਦ੍ਰਮਾ ਬੀ ਧਰਤੀ ਤੇ ਡਿਗਦਾ ਦਿੱਸ ਪੈਂਦਾ ਹੈ। ਹੋਰ ਗਲਾਂ ਦੇ ਵਿਸਥਾਰ ਨੂੰ ਛੱਡੋ, ਇਸ ਵੇਲੇ ਇਕ ਅਹਿਮ ਜ਼ਰੂਰੀ ਮਾਮਲਾ ਦਰਪੇਸ਼ ਹੈ। ਇਕ ਪੰਥ ਦੇ ਪਿਆਰੇ ਨੇ ਹਿੰਮਤ ਕਰਕੇ ਪੰਥ ਦੀ ਆਨ ਅਰ ਪਤ ਨੂੰ ਬਚਾਉਣ ਲਈ ਉਹ ਉੱਦਮ ਕੀਤਾ ਹੈ, ਜੋ ਉਦਮ ਕਿ ਅਜ ਤਕ ਕਦੇ ਨਹੀਂ ਹੋਇਆ, ਉਸ ਉੱਦਮ ਪਰ ਖਾਲਸਾ ਜੀ ਅਸ਼ ਅਸ਼ ਕਰ ਰਿਹਾ ਹੈ। ਵਾਹ ਜੀ ਮਹਾਰਾਜ ਵਾਹ, ਧੰਨ ਉਹ ਰਾਤ ਜੋ ਟਿਕਾ ਸਾਹਿਬ ਨਾਭਾ ਜੀ ਨੇ ਜਨਮ ਲਿਆ ਸੀ, ਜਿਨ੍ਹਾਂ ਨੇ ਲਾਟ ਸਾਹਿਬ ਦੀ ਕੌਂਸਲ ਵਿਚ ਸਾਡੇ ਆਨੰਦ ਵਿਵਾਹ ਨੂੰ ਕਾਨੂੰਨੀ ਪਦਵੀ ਦੇਣ ਲਈ ਦਰਖਾਸਤ ਕਰ ਦਿਤੀ ਹੈ, ਬਿਲ ਪੇਸ਼ ਹੋ ਗਿਆ ਹੈ। ਬਸ ਹੁਣ ਕਾਰਜ ਰਾਸ ਹੈ। ਪਰ ਜੇ ਕੋਈ ਅਗੋਂ ਪੁੱਛੇ ਕਿ ਆਪ ਦਾ ਪ੍ਰਸੰਨ ਹੋਣਾ ਤਾਂ ਥਾਵੇਂ ਹੈ, ਇਹ ਦੱਸੋ ਕਿ ਤੁਸਾਂ ਉਦਮ ਕੀਹ ਕੀਤਾ ਹੈ? ਇਹ ਜੋ ਇਕ ਪੰਥਕ ਸਾਂਝਾ ਕੰਮ ਸੀ, ਇਸ ਪਰ ਤੁਸਾਂ ਆਪਣੇ ਆਪ ਨੂੰ ਕ੍ਰਿਤਾਰਥ ਹੋਣ ਲਈ ਕਿਸ ਸੇਵਾ ਵਿਚ ਲਗਾਇਆ ਹੈ? ਤਦ ਹੱਸਕੇ ਕਹਿਣਗੇ 'ਜੀ ਸਤਿ ਹੈ, ਆਪ ਨੇ ਜੋ ਕੁਛ ਕਿਹਾ ਠੀਕ ਹੈ, ਪਰ ਦੇਖੋ ਨਾ ਅਸੀਂ ਹੁਣ ਹੋਏ ਨਾ, ਹੇ, ਹੇ, ਸ੍ਰੀ ਵਾਹਿਗੁਰੂ! ਅਛਾ ਜੀ ਫੇਰ ਦਰਸ਼ਨ ਕਰਾਂਗੇ, ਆਪ ਬੜੇ ਵਿਚਾਰਵਾਨ ਹੋ। ਵਾਹਿਗੁਰੂ ਜੀ ਦੀ ਫਤਹ।'

ਪਿਆਜਿਓ! ਇਹ ਜਾਂ ਇਸ ਵਰਗੇ ਹੋਰ ਨਮੂਨੇ ਸਾਡੇ ਉੱਦਮ ਦੇ ਹਨ। ਜਦ ਉੱਦਮ ਤਦ ਕਾਮਯਾਬੀ। ਨਹੀਂ ਤਾਂ ਕਾਮਯਾਬੀ ਕੋਈ ਨਹੀਂ, ਜਦ ਕਾਮਯਾਬੀ ਨਹੀਂ, ਤਦ ਉਮੈਦਾਂ ਦਾ ਕਾਇਮ ਰਹਿਣਾ ਮਖੌਲ। ਦੁਨੀਆਂ ਉਮੈਦ ਦੇ ਆਸਰੇ ਹੈ, ਸੋ ਜਦ ਉਮੈਦ ਨਾ ਰਹੀ ਤਾਂ ਦੁਨੀਆਂ ਕਾਹਦੀ? ਦੁਨੀਆਂ ਕਾਹਦੀ ਦਾ ਇਹ ਮਤਲਬ ਹੈ ਕਿ ਅਸੀਂ ਨਾ ਰਹੇ। ਜੀਵੇ ਆਸਾ ਤੇ ਮਰੇ ਨਿਰਾਸਾ। ਅਸੀਂ ਨਿਰਾਸ ਹੋਏ, ਅਸੀਂ ਮਰ ਗਏ, ਅਰਥਾਤ ਪੰਥਕ ਜੀਵਨ ਮਰ ਗਿਆ, ਚਲੋ ਛੁੱਟੀ ਹੋਈ। ਰੋਜ਼ ਰੋਜ਼ ਦਾ ਖਟਰਾਗ ਮੁੱਕਾ। ਪਰ ਜੋ ਪੁਲਪਿਟਾਂ ਤੇ ਖੜੋਕੇ ਤ੍ਰੱਕੀ ਤ੍ਰੱਕੀ ਦੇ ਨਾਅਰੇ ਮਾਰਨੇ ਹੋਏ, ਤੇ ਉੱਨਤੀ ਦੀਆਂ ਕੂਕਾਂ ਦੇਣੀਆਂ ਹੋਈਆਂ, ਤਦ ਫੇਰ ਉੱਦਮ ਚਾਹੀਏ। ਨਿਰਾ ਕਹਿਣਾ ਹੀ ਕਹਿਣਾ, ਕੰਧਾਂ ਦੀ ਉੱਲੀ ਕੀਹ ਸਵਾਰ ਸਕਦੀ ਹੈ? ਕੁਛ ਮਹਿਕਦਾਰ ਕਰਨਾ ਬੀ ਹੋਣਾ ਚਾਹੀਏ।

**-ਖਾਲਸਾ ਸਮਾਚਾਰ, 25 ਨਵੰਬਰ, 1908 ਈ.**

✧ ✧ ✧ ✧ ✧

## ਝਾਂਵਲਾ

ਦੂਰੀ ਹੈ, ਹਨ੍ਹੇਰਾ, ਕੁਛ ਹੋਂਵਦਾ ਨ ਸਹੀ,
ਪੈਂਦਾ ਪਿਆ ਝਾਂਵਲਾ, ਸੋ ਝਾਂਵਲਾ ਹੀ ਸਹੀ।

ਝਾਂਵਲੇ ਨੇ ਅਪਣੇ ਵਲ ਧਯਾਨ ਖਿੱਚ ਲਿਆ,
ਝਾਂਵਲੇ ਦੇ ਆਸਰੇ ਹੈ ਸੇਧ ਬੱਝ ਰਹੀ!

ਵਾਜਾਂ ਪਈ ਮਾਰਦੀ ਹਾਂ ਸੇਧ ਆਸਰੇ,
ਕੰਨੀ ਤੁਸਾਂ ਪਹੁੰਚਦੀ ਏ, ਸੱਦ ਨਿੱਕੀ ਜਿਹੀ?

ਕੂੰਦੇ ਸਹਿੰਦੇ ਹੋ ਨਹੀਂ, ਨ ਬੋਲਦੇ ਦਿਸੋਂਅ,
ਐਪਰ ਕੰਨ ਆਖਦੇ: "ਅਬੋਲਦੇ ਬੀ ਨਹੀਂ"।

ਅਬੋਲ ਬੋਲ ਬੋਲਦੇ ਜਿਉਂ ਤਾਰਿਆਂ ਦੀ ਲੋਅ,
ਤਾਰਿਆਂ ਦੀ ਲੋਅ ਕਾਫ਼ੀ ਲੋਅ ਹੈ ਬੜੀ।

ਕਚੀ ਤਣੀ ਪਜਾਰ ਵਾਲੀ ਖਿਚੇ 'ਮਨ ਲਗੀ',
ਮੈਥੋਂ ਕਦ ਪੁਗੀਵੇਗੀ ਏ ਨਿੱਕੀ 'ਮਨ ਲਗੀ'।

ਗੀਤ ਮੇਰਾ ਗੂੰਜ ਹੋਵੇ ਤੈਂ ਸੰਗੀਤ ਦੀ,
ਤੇਰੀ 'ਪਜਾਰ ਖਿੱਚ' ਮੈਨੂੰ ਖਿੱਚ ਹੈ ਰਹੀ।

ਕੱਚੀ ਤੰਦ ਆਸ ਤੂੰ ਪੁਗਾ ਦੇ ਸਾਂਈਆਂ।
ਤੇਰੀ ਲਾਈ, ਤੇਰੀ ਖਿੱਚੀ, ਪੁੱਗੇ ਤੈਂ ਚਹੀ।

## ਅਰਦਾਸ

ਹਾਰ ਕੋਸ਼ਿਸ਼ ਗਈ, ਬੈਠੀ ਹਾਰ ਆਸ
ਬਾਂਹ ਛਾਤੀ ਨਾਲ ਲਾਕੇ ਲਾਂ ਸੁਆਸ।

ਸੰਘ ਸੁੱਕ, ਬੁਲ੍ਹ ਸੁੱਕ ਗਏ, ਸੁੱਕ ਗਈ ਜੀਭ
ਤੜਪ ਮੇਰੀ ਤੇ ਕਰੀਂ, ਸਾਕੀ! ਕਿਆਸ।

ਅਬਰੇ-ਰਹਮਤ ਤੇ ਹੈ ਤੱਕਣ ਲਗ ਰਹੀ,
ਮਤ ਕਿਤੇ ਵਸ ਪਏ ਸ੍ਵਾਂਤੀ ਬੂੰਦ ਖਾਸ।

ਪਾਣੀਆਂ ਵਿਚ ਹਾਂ ਖੜੀ ਪਰ ਪਜਾਸ ਹੈ,
ਕਿੰਵ ਬੁਝੇ ਪਾਣੀ ਤੋਂ ਸਰਦੀ ਦੀ ਪਿਆਸ?

ਲਬ ਮਿਰੇ ਅਰਦਾਸ ਵਿਚ ਹਨ ਲਗ ਰਹੇ,
ਅਰਸ਼ ਤੋਂ ਮਤ ਵਸ ਪਵੇ ਓ ਬੂੰਦ ਖ਼ਾਸ।

ਜੁੜ ਰਹੇ ਹਨ ਹੱਥ ਕਰਦੇ ਅੰਜੁਲੀ:
ਚਾਟ ਲਾਕੇ, ਸਾਕੀਆ! ਹੁਣ ਕਿਉਂ ਲੁਕਾਸ?

ਰਹਿਮਤ ਸੁਰਾਹੀ ਖੋਲ੍ਹ ਕੇ ਹੁਣ ਤ੍ਰੁੱਠਣਾ,
ਲੈ ਲਈਂ ਨੀਵੇਂ ਦੀ ਉੱਚੇ ਜੀ! ਸ਼ਾਬਾਸ਼।

ਆਸ ਅਪਣੇ ਆਪ ਤੇ ਅੱਜ ਰਹਿ ਚੁਕੀ,
ਆਪ ਹੀ ਘੱਲੋ ਦਰੋਂ ਹੁਣ ਵਾਉ ਰਾਸ।

**-ਭਾਈ ਵੀਰ ਸਿੰਘ**
**ਆਵਾਜ਼ ਆਈ 'ਚੋਂ**

✧ ✧ ✧ ✧ ✧

# ਬੁਤਕੀਆਂ ਤੇ ਨਿਸ਼ਕਾਮ ਸੇਵਾ

❖ ਵਰਿੰਦਰ ਸਿੰਘ ਵਾਲੀਆ

ਹਰ ਸੁਤੰਤਰ ਰਾਜ ਦਾ ਆਪਣਾ-ਆਪਣਾ ਸਿੱਕਾ ਹੁੰਦਾ ਹੈ। ਸਮੇਂ-ਸਮੇਂ ਦੁਨੀਆ ਦੇ ਅਨੇਕਾਂ ਬਾਦਸ਼ਾਹਾਂ ਅਤੇ ਸ਼ਹਿਨਸ਼ਾਹਾਂ ਨੇ ਆਪੋ-ਆਪਣੇ ਨਾਂ ਦੇ ਸਿੱਕੇ, ਬੁਤਕੀਆਂ ਅਤੇ ਅਸ਼ਰਫ਼ੀਆਂ ਚਲਾਈਆਂ। ਕਿਸੇ ਨੇ ਤਾਂ ਚੰਮ ਦੀਆਂ ਵੀ ਚਲਾ ਦਿੱਤੀਆਂ। ਦੂਜੇ ਪਾਸੇ, ਨਾਨਕ ਨਾਮ-ਲੇਵਾ ਜਦੋਂ ਵੀ ਹਾਕਮ ਬਣੇ, ਉਨ੍ਹਾਂ ਆਪਣੇ ਨਾਂ ਦੀ ਬਜਾਏ ਪੰਥ ਦੇ ਵਾਲੀਆਂ ਦੇ ਨਾਂ 'ਤੇ ਹੀ ਰਾਜ-ਮੁਦਰਾ ਚਲਾਉਣ ਨੂੰ ਤਰਜੀਹ ਦਿੱਤੀ। ''ਘੜੀਐ ਸਬਦੁ ਸਚੀ ਟਕਸਾਲ'' ਜਪਣ ਵਾਲਿਆਂ ਦੀ ਟਕਸਾਲ ਵਿਚ ਘੜੇ ਜਾਣ ਵਾਲੇ ਸਿੱਕੇ ਵੀ ਇਸੇ ਵਿਚਾਰਧਾਰਾ ਨੂੰ ਸਮਰਪਿਤ ਹੁੰਦੇ ਸਨ। ਸਿੱਖ ਕੌਮ ਦਾ ਪ੍ਰਥਮ ਸਿੱਕਾ ਬਾਬਾ ਬੰਦਾ ਸਿੰਘ ਬਹਾਦਰ ਨੇ ਸਰਹਿੰਦ ਦੀ ਇੱਟ-ਨਾਲ-ਇੱਟ ਖੜਕਾਉਣ ਤੋਂ ਬਾਅਦ ਚਲਾਇਆ ਸੀ। ਇਹ ਸਿੱਕਾ ਲੋਹਗੜ੍ਹ (ਮੁਖਲਿਸਗੜ੍ਹ) ਵਿਚ ਲਾਈ ਟਕਸਾਲ ਤੋਂ ਚਲਾਇਆ ਗਿਆ, ਜਿਸ 'ਤੇ ਬਾਬਾ ਬੰਦਾ ਸਿੰਘ ਬਹਾਦਰ ਦਾ ਆਪਣਾ ਜ਼ਿਕਰ ਕਿਤੇ ਵੀ ਨਹੀਂ ਮਿਲਦਾ। ਸਿੱਕੇ 'ਤੇ 'ਤੇਗ਼-ਏ-ਨਾਨਕ' ਅਤੇ 'ਫ਼ਤਹ ਗੋਬਿੰਦ ਸਿੰਘ' ਜ਼ਰੂਰ ਆਉਂਦਾ ਹੈ। ਸੰਨ 1765 ਵਿਚ ਚਲਾਏ ਗਏ ਚਾਂਦੀ ਦੇ ਸਿੱਕੇ ਨੂੰ 'ਗੋਬਿੰਦ ਸਿੰਘੀ' ਸਿੱਕਾ ਕਿਹਾ ਜਾਂਦਾ ਸੀ ਜੋ ਇਕ ਦਹਾਕੇ ਤੋਂ ਵੱਧ ਲਾਹੌਰ ਦੀ ਟਕਸਾਲ ਵਿਚ ਢਲਦਾ ਰਿਹਾ। ਇਸ ਤੋਂ ਬਾਅਦ ਵਾਲੇ ਸੋਨੇ ਤੇ ਚਾਂਦੀ ਦੇ ਸਿੱਕਿਆਂ ਨੂੰ 'ਨਾਨਕਸ਼ਾਹੀ' ਸਿੱਕੇ ਕਿਹਾ ਜਾਂਦਾ ਸੀ। ਕਈ ਸਿੱਕਿਆਂ 'ਤੇ 'ਅਕਾਲ ਸਹਾਇ ਗੁਰੂ ਨਾਨਕ ਜੀ' ਜਾਂ ਗੁਰੂ ਗੋਬਿੰਦ ਸਿੰਘ ਦਾ ਨਾਂ ਅੰਕਿਤ ਹੁੰਦਾ ਸੀ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਚੱਲੇ ਸੋਨੇ ਦੇ ਸਿੱਕਿਆਂ 'ਤੇ ਵੀ ਗੋਬਿੰਦ ਸਿੰਘੀ ਸਿੱਕਿਆਂ ਵਾਲੀ ਇਬਾਰਤ ਸੀ। ਇੱਥੋਂ ਤਕ ਕਿ ਇੱਟਾਂ ਦਾ ਨਾਂ ਵੀ 'ਨਾਨਕਸ਼ਾਹੀ' ਸੀ।

ਸਮੇਂ ਦੇ ਨਾਲ ਬਹੁਤ ਕੁਝ ਬਦਲ ਗਿਆ ਹੈ। ਨਾਨਕਸ਼ਾਹੀ ਇੱਟਾਂ ਨਾਲ ਬਣੀਆਂ ਵਿਰਾਸਤੀ ਇਮਾਰਤਾਂ ਢਹਿ-ਢੇਰੀ ਹੋ ਰਹੀਆਂ ਹਨ। ਸੁਲਤਾਨਪੁਰ ਲੋਧੀ ਵਿਚ ਪੰਜਾਬ ਦਾ ਸਭ ਤੋਂ ਪੁਰਾਣਾ ਮੰਨਿਆ ਜਾਂਦਾ 'ਬੇਬੇ ਨਾਨਕੀ ਦਾ ਘਰ' ਢਾਹ ਕੇ ਨਵੀਂ-ਨਕੋਰ ਇਮਾਰਤ ਬਣਾਈ ਗਈ ਹੈ। ਸਰਹਿੰਦ, ਮਾਛੀਵਾੜਾ, ਚਮਕੌਰ ਸਾਹਿਬ, ਅੰਮ੍ਰਿਤਸਰ ਅਤੇ ਹੋਰ ਥਾਵਾਂ ਦੀਆਂ ਵਿਰਾਸਤੀ ਥਾਵਾਂ ਦਾ ਵੀ ਅਜਿਹਾ ਹਸ਼ਰ ਹੋਇਆ ਹੈ। ਦੇਰ ਆਇਦ-ਦਰੁਸਤ ਆਇਦ ਅਨੁਸਾਰ ਪੰਜਾਬ ਸਰਕਾਰ ਨੇ ਸਿੱਖ ਇਤਿਹਾਸ ਦੇ ਸੁਨਹਿਰੀ ਪੰਨਿਆਂ ਨੂੰ ਸਾਂਭਣ ਦਾ ਹੰਭਲਾ ਮਾਰਿਆ ਹੈ। ਨਵੇਂ ਅਜੂਬੇ ਹੋਂਦ ਵਿਚ ਆਏ ਹਨ। ਵੱਡਿਆਂ-ਵਡੇਰਿਆਂ ਦੀਆਂ ਕਥਾਵਾਂ ਅਗਲੀਆਂ ਪੀੜ੍ਹੀਆਂ ਲਈ ਚਾਨਣ-ਮੁਨਾਰਾ ਹੁੰਦੀਆਂ ਹਨ (''ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ'')। ਜਾਂਬਾਜ਼ਾਂ ਦੀ ਵਿਰਾਸਤ ਨੂੰ ਸਾਂਭਣਾ ਅਜਿਹਾ ਕਾਰਜ ਹੈ ਜਿਸ ਦੀ ਜਿੰਨੀ ਵੀ ਪ੍ਰਸੰਸਾ ਕੀਤੀ ਜਾਵੇ, ਥੋੜ੍ਹੀ ਹੈ। ਆਉਣ ਵਾਲੀਆਂ ਪੀੜ੍ਹੀਆਂ ਇਸ 'ਤੇ ਜ਼ਰੂਰ ਫ਼ਖ਼ਰ ਕਰਨਗੀਆਂ ਪਰ ਵਿਰਾਸਤ-ਏ-ਖ਼ਾਲਸਾ ਨੂੰ ਮਨੁੱਖਤਾ ਦੇ ਨਾਂ ਸਮਰਪਿਤ ਕਰਨ ਵੇਲੇ ਕੁਝ ਧਾਰਮਿਕ ਸ਼ਖ਼ਸੀਅਤਾਂ ਵੱਲੋਂ ਕੀਤੀ ਗਈ ਪ੍ਰਸੰਸਾ ਜ਼ਰੂਰ ਚੁੱਭੀ। ਇੰਜ ਲੱਗਦਾ ਸੀ ਜਿਵੇਂ ਕੁਝ ਧਾਰਮਿਕ ਸ਼ਖ਼ਸੀਅਤਾਂ ਕਿਸੇ ਵਿਅਕਤੀ ਵਿਸ਼ੇਸ਼ ਦੀ ਸ਼ਲਾਘਾ ਕਰਨ ਲੱਗਿਆਂ ਇਕ-ਦੂਜੇ ਤੋਂ ਅੱਗੇ ਲੰਘਣ ਦੀ ਹੋੜ ਵਿਚ ਲੱਗੀਆਂ ਹੋਣ। ਜੇ ਕੋਈ 'ਫ਼ਖ਼ਰ-ਏ-ਕੌਮ' ਦੀ ਉਪਾਧੀ ਦਾ ਐਲਾਨ ਕਰਦਾ ਤਾਂ ਦੂਜਾ ਇਸ ਨਾਲ 'ਪੰਥ ਰਤਨ' ਜੋੜਨ ਦਾ ਸੁਝਾਅ ਦਿੰਦਾ। ਲੋਕ ਹਮੇਸ਼ਾ ਨਿਮਾਣੀਆਂ ਤੇ ਕੌਮ ਨੂੰ ਸਮਰਪਿਤ ਸ਼ਖ਼ਸੀਅਤਾਂ ਨੂੰ ਪਲਕਾਂ 'ਤੇ ਬਿਠਾਉਂਦੇ ਆਏ ਹਨ। ਘੋੜਿਆਂ ਦੇ ਤਬੇਲਿਆਂ ਵਿਚ ਨਿਸ਼ਕਾਮ ਸੇਵਾ ਕਰਨ ਵਾਲੇ ਵੀ ਕੌਮ ਦੇ ਜਥੇਦਾਰ ਥਾਪੇ ਗਏ। ਗਿਆਨੀ ਰੂਪ ਸਿੰਘ ਦੇ ਕਹਿਣ ਮੁਤਾਬਿਕ ''ਸਿੱਖ ਰਾਜੇ, ਮਿਸਲਾਂ ਦੇ ਸਰਦਾਰ, ਰਿਆਸਤਾਂ ਦੇ ਮੁਖੀ ਅਤੇ ਅਹਿਲਕਾਰ ਆਪਣੀ ਸਾਰੀ ਸ਼ਾਨੋ-ਸ਼ੌਕਤ ਬਾਹਰ ਬੁੰਗਿਆਂ ਵਿਚ ਛੱਡ ਕੇ ਸ੍ਰੀ ਅਕਾਲ ਤਖ਼ਤ 'ਤੇ ਹਾਜ਼ਰ ਹੋ ਗੁਰੂ-ਪੰਥ ਨੂੰ ਰੋਮ-ਰੋਮ ਤੋਂ ਸਮਰਪਿਤ ਹੁੰਦੇ ਸਨ। ਦੁਨਿਆਵੀ ਮਾਣ-ਸਤਿਕਾਰ ਤੇ ਪਦਵੀਆਂ ਰੂਪੀ ਹੰਕਾਰ ਨੂੰ ਛੱਡ ਕੇ ਖ਼ਾਲਸੇ ਦੀ ਪ੍ਰਭੂ-ਸੱਤਾ, ਸਰਵ-ਸ੍ਰੇਸ਼ਠਤਾ, ਸਰਵਉੱਚ ਅਸਥਾਨ ਤੋਂ ਸੁਤੰਤਰ ਸੋਚ, ਹੋਂਦ-ਹਸਤੀ ਤੇ ਰੂਹਾਨੀ ਬਖ਼ਸ਼ਿਸ਼ ਨੂੰ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦੇ ਸਨ।'' ਇਹ ਮਹਾਨ ਅਸਥਾਨ ਭਗਤੀ ਅਤੇ ਸ਼ਕਤੀ ਦਾ ਅਨੂਠਾ ਸੁਮੇਲ ਹੈ। ਇਸ ਅਸਥਾਨ ਦੀ ਤਾਮੀਰ ਪੰਜਵੇਂ ਨਾਨਕ, ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਬਾਅਦ ਹੋਈ, ਜਿਨ੍ਹਾਂ ਜਬਰ ਦਾ ਮੁਕਾਬਲਾ ਸਬਰ ਨਾਲ ਕੀਤਾ ਸੀ। ਸੰਤ-ਸਿਪਾਹੀ ਦੀ ਵਿਚਾਰਧਾਰਾ, ਦੁਨੀਆ ਦੇ ਇਤਿਹਾਸ ਵਿਚ ਹੋਰ ਕਿਤੇ ਨਹੀਂ ਮਿਲਦੀ। ਮਹਾਰਾਜਾ ਰਣਜੀਤ ਸਿੰਘ ਆਪਣੀ ਬਾਦਸ਼ਾਹਤ, ਹਰਿਮੰਦਰ ਸਾਹਿਬ ਦੀ ਹਦੂਦ ਤੋਂ ਬਾਹਰ ਰੱਖ ਕੇ ਹਾਜ਼ਰ ਹੋਇਆ ਕਰਦਾ ਸੀ। ਧਾਰਮਿਕ ਸਜ਼ਾ ਸੁਣਨ ਤੋਂ ਬਾਅਦ ਵੀ ਉਸ ਦਾ ਮੱਥਾ ਖਿੜਿਆ ਹੋਇਆ ਸੀ। ਨਿਸ਼ਕਾਮ ਸ਼ਹਾਦਤਾਂ ਦੀ ਪਿਰਤ ਅੱਗੇ ਜਾ ਕੇ 'ਹਿੰਦ ਦੀ ਚਾਦਰ' ਬਣ ਗਈ। ਜਾਤ-ਪਾਤ ਅਤੇ ਫ਼ਿਰਕਾਪ੍ਰਸਤੀ ਤੋਂ ਕੋਹਾਂ ਦੂਰ ਹੈ, ਇਸ ਦਾ ਇਲਾਹੀ ਵਿਧਾਨ। ਇਸ ਦੀ ਰੂਹਾਨੀ ਸ਼ਕਤੀ ਨਿਰਭਉ ਅਤੇ ਨਿਰਵੈਰ ਦੇ ਮੂਲ-ਮੰਤਰ 'ਚੋਂ ਵੀ ਝਲਕਦੀ ਹੈ।

ਅਕਾਲ ਤਖ਼ਤ ਦੇ ਜਥੇਦਾਰਾਂ ਦੀ ਚੋਣ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਰਦੀ ਹੈ। ਸ਼੍ਰੋਮਣੀ ਕਮੇਟੀ ਦਾ ਆਪਣਾ ਸ਼ਾਨਾਮੱਤਾ ਇਤਿਹਾਸ ਹੈ। ਗੁਰਦੁਆਰਾ ਸੁਧਾਰ ਲਹਿਰ ਅਤੇ ਸ਼੍ਰੋਮਣੀ ਅਕਾਲੀ ਦਲ ਨੇ ਅਣਗਿਣਤ ਬੇਤਾਜ ਬਾਦਸ਼ਾਹ ਪੈਦਾ ਕੀਤੇ ਹਨ। ਸ਼੍ਰੋਮਣੀ ਕਮੇਟੀ ਦੇ ਸਾਬਕਾ ਸਕੱਤਰ ਸਰਦਾਰ ਕੁਲਵੰਤ ਸਿੰਘ ਨੇ ਜੁਲਾਈ 2002 ਵਿਚ **ਜੂਨ ਚੁਰਾਸੀ : ਸ਼੍ਰੋਮਣੀ ਕਮੇਟੀ ਨੂੰ ਗ੍ਰਹਿਣ** ਨਾਂ ਹੇਠ ਕਿਤਾਬ ਛਪਵਾਈ ਤਾਂ ਸੁਨਹਿਰੀ ਇਤਿਹਾਸ ਨਾਲ ਜੁੜਿਆ 'ਗ੍ਰਹਿਣ' ਸ਼ਬਦ ਹਿਰਦੇਵੇਧਕ ਜਾਪਿਆ। ਅਸਲ ਵਿਚ ਸੂਰਜ ਅਤੇ ਚੰਦਰਮਾ ਦੇ ਮੱਧ ਵਿਚ ਪ੍ਰਿਥਵੀ ਦੇ ਆਉਣ ਕਰਕੇ ਚੰਦਰ ਗ੍ਰਹਿਣ ਜਦੋਂ ਕਿ ਸੂਰਜ-ਪ੍ਰਿਥਵੀ ਦਰਮਿਆਨ ਚੰਦਰਮਾ ਆਉਣ 'ਤੇ ਸੂਰਜ ਗ੍ਰਹਿਣ ਲੱਗਦਾ ਹੈ। ਪੁਰਾਣਾਂ ਵਿਚ ਗ੍ਰਹਿਣ ਦਾ ਕਾਰਨ ਰਾਹੂ ਅਤੇ ਕੇਤੂ ਕਰਕੇ ਸੂਰਜ ਜਾਂ ਚੰਦਰਮਾ ਗ੍ਰਸੇ ਜਾਣਾ ਮੰਨਿਆ ਗਿਆ ਹੈ। ਸੂਰਜ ਗ੍ਰਹਿਣ ਹਮੇਸ਼ਾ ਮੱਸਿਆ, ਜਦੋਂ ਕਿ ਚੰਦਰ ਗ੍ਰਹਿਣ ਪੂਰਨਮਾਸ਼ੀ ਦੀ ਰਾਤ ਨੂੰ ਹੀ ਲੱਗਦਾ ਹੈ। ਕਿਸੇ ਸੰਸਥਾ ਨੂੰ ਗ੍ਰਹਿਣ ਵੀ ਆਪਣੇ ਆਪ ਨੂੰ 'ਸੰਪੂਰਨ' ਸਮਝਣ ਵਾਲੇ ਕੁਝ

ਪ੍ਰਮੁੱਖ ਨੇਤਾਵਾਂ ਦੇ ਇਕ ਕਤਾਰ ਵਿਚ ਆਉਣ ਤੋਂ ਬਾਅਦ ਲੱਗਦਾ ਹੈ। ਕੁਦਰਤੀ ਹੈ ਕਿ ਲੰਮੀ ਸੇਵਾ ਦੌਰਾਨ ਸਾਬਕਾ ਸਕੱਤਰ ਨੂੰ ਕੁਝ ਤਲਖ਼ ਅਤੇ ਤੁਰਸ਼ ਤਜਰਬੇ ਹੋਏ ਹੋਣਗੇ। ਗੁਰਦੁਆਰਾ ਸੁਧਾਰ ਲਹਿਰ ਵੇਲੇ ਲੋਕ ਸਿਰ ਤਲੀ 'ਤੇ ਲੈ ਕੇ ਚੱਲੇ ਸਨ। ਲੰਮੀ ਜੱਦੋ-ਜਹਿਦ ਅਤੇ ਲਾਸਾਨੀ ਕੁਰਬਾਨੀਆਂ ਤੋਂ ਬਾਅਦ ਬਰਤਾਨਵੀ ਰਾਜ ਸਮੇਂ ਸੰਨ 1925 ਵਿਚ ਗੁਰਦੁਆਰਾ ਐਕਟ ਬਣਿਆ ਸੀ। ਕੁਦਰਤੀ ਸੀ ਕਿ ਅੰਗਰੇਜ਼ੀ ਰਾਜ ਸਮੇਂ ਬਣਿਆ ਗੁਰਦੁਆਰਾ ਐਕਟ ਅੰਗਰੇਜ਼ੀ ਵਿਚ ਹੀ ਹੋਣਾ ਸੀ। ਇਸ ਐਕਟ ਵਿਚ ਸਿੰਘ ਸਾਹਿਬਾਨ ਨੂੰ 'ਹੈੱਡ ਮਨਿਸਟਰਜ਼' ਲਿਖਿਆ ਹੋਇਆ ਹੈ। ਵੈਸੇ ਵੀ ਸ਼੍ਰੋਮਣੀ ਕਮੇਟੀ ਦਾ ਐਕਟ ਬਰਾਸਤਾ ਲੋਕ ਸਭਾ ਬਣਿਆ ਹੋਣ ਕਰਕੇ ਇਸ ਨੂੰ ਸਿੱਖਾਂ ਦੀ ਮਿੰਨੀ ਪਾਰਲੀਮੈਂਟ ਕਿਹਾ ਜਾਂਦਾ ਹੈ। ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਦੀ ਚੋਣ ਭਾਵੇਂ ਜਮਹੂਰੀ ਢੰਗ ਨਾਲ ਹੁੰਦੀ ਹੈ ਪਰ ਬਹੁਤੇ ਮੈਂਬਰ ਸਿਆਸੀ ਪਾਰਟੀਆਂ ਵੱਲੋਂ ਵੰਡੀਆਂ ਜਾਣ ਵਾਲੀਆਂ ਟਿਕਟਾਂ 'ਤੇ ਹੀ ਲੜਦੇ ਹਨ। ਇਸੇ ਕਰਕੇ ਸ਼ਰਧਾ ਦੇ ਧਾਮਾਂ ਦੇ ਪ੍ਰਸ਼ਾਸਨ ਵਿਚ ਕਦੇ-ਕਦੇ ਸਿਆਸੀ ਦਖ਼ਲਅੰਦਾਜ਼ੀ ਦੇ ਦੋਸ਼ ਲੱਗਦੇ ਰਹਿੰਦੇ ਹਨ। ਅਹੁਦੇਦਾਰੀਆਂ ਲੈਣ ਲਈ ਹੋੜ ਲੱਗਦੀ ਹੈ। ਕਈ ਵਾਰ ਉਪਾਧੀਆਂ ਸੇਵਾ ਦੀ ਬਜਾਏ ਖ਼ਿਦਮਤਕਾਰੀ ਦੇ ਆਧਾਰ 'ਤੇ ਵੰਡੀਆਂ ਜਾਂਦੀਆਂ ਹਨ। ਅਹੁਦੇਦਾਰੀਆਂ ਲਿਫ਼ਾਫ਼ਿਆਂ ਵਿੱਚੋਂ ਨਿਕਲਣ ਦੇ ਦੋਸ਼ ਵੀ ਲੱਗਦੇ ਹਨ। ਸ਼ਰਧਾ ਦੇ ਕਿਸੇ ਵੀ ਧਾਮ 'ਤੇ ਨਿਸ਼ਕਾਮ ਸੇਵਕ ਤਨ, ਮਨ ਤੇ ਧਨ ਨਾਲ ਸੇਵਾ ਕਰਦੇ ਨਜ਼ਰੀਂ ਆਉਂਦੇ ਹਨ। ਮੁਲਾਜ਼ਮ ਅਤੇ ਸ਼ਰਧਾਲੂ ਦੀ ਸੇਵਾ ਵਿਚ ਫ਼ਰਕ ਸਾਫ਼ ਦਿਖਾਈ ਦਿੰਦਾ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨਾਂ ਉੱਤੇ ਮੁਲਾਜ਼ਮਾਂ ਦੀ ਅੰਨ੍ਹੀ ਭਰਤੀ ਕਰਨ ਦੇ ਵੀ ਦੋਸ਼ ਲੱਗਦੇ ਆਏ ਹਨ। ਧਰਮ ਅਤੇ ਸਿਆਸਤ ਦੇ ਰਲਗੱਡ ਹੋ ਜਾਣ ਕਰਕੇ ਅਜਿਹਾ ਬਹੁਤ ਕੁਝ ਵਾਪਰ ਜਾਂਦਾ ਹੈ ਜਿਸ ਦਾ ਆਮ ਸ਼ਰਧਾਲੂ ਕਦੇ ਖ਼ੁਾਬ ਵੀ ਨਹੀਂ ਲੈਂਦਾ।

ਖਿਲਤ ਅਤੇ ਖ਼ਿਲਤਾ ਵਿਚ ਜ਼ਮੀਨ-ਅਸਮਾਨ ਦਾ ਫ਼ਰਕ ਹੈ। ਖ਼ਿਲਤ, ਉਤਰਨ ਨੂੰ ਕਹਿੰਦੇ ਹਨ। ਪੁਰਾਣੇ ਸਮੇਂ ਵਿਚ ਬਾਦਸ਼ਾਹ ਆਪਣੇ ਬਸਤਰ ਉਤਾਰ ਕੇ ਬਖ਼ਸ਼ਿਸ਼ ਦੇ ਰੂਪ ਵਿਚ ਦਿਆ ਕਰਦੇ ਸਨ। ਅਜਿਹੀ ਪੋਸ਼ਾਕ ਨੂੰ ਸਨਮਾਨ ਵਜੋਂ ਖ਼ਿਲਤ ਕਿਹਾ ਜਾਂਦਾ ਸੀ। ਬਾਅਦ ਵਿਚ ਕਿਸੇ ਵੀ ਕਿਸਮ ਦੀ ਬਖ਼ਸ਼ਿਸ਼ ਨੂੰ ਖ਼ਿਲਤ ਕਿਹਾ ਜਾਣ ਲੱਗ ਪਿਆ। ਖ਼ਿਲਤਾ ਫ਼ਕੀਰੀ ਚੋਲਾ ਹੁੰਦਾ ਹੈ। ਫ਼ਕੀਰ ਬਖ਼ਸ਼ਿਸ਼ਾਂ ਵੰਡਦੇ ਹਨ, ਲੈਂਦੇ ਨਹੀਂ। ਖ਼ਿਲਤ ਦਾ ਰੰਗ ਕਸੁੰਭੜੇ ਵਾਂਗ ਦੋ ਘੜੀਆਂ ਵੀ ਨਹੀਂ ਚੱਲਦਾ ਜਦੋਂ ਕਿ ਖ਼ਿਲਤਾ (ਫ਼ਕੀਰੀ ਚੋਲੇ) ਦਾ ਰੰਗ ਮਜੀਠ ਹੁੰਦਾ ਹੈ। ਸਿਆਸੀ ਚੌਸਰ ਖੇਡਣ ਵਾਲੇ ਹਮੇਸ਼ਾ ਖ਼ਿਲਤ ਦੀ ਤਾਕ ਵਿਚ ਰਹਿੰਦੇ ਹਨ।

ਸ਼੍ਰੋਮਣੀ ਕਮੇਟੀ ਬਣਨ ਤੋਂ ਪਹਿਲਾਂ ਵਾਲੇ ਇਤਿਹਾਸ 'ਤੇ ਝਾਤੀ ਮਾਰੀਏ ਤਾਂ ਆਪਣੇ ਆਪ ਨੂੰ ਕੌਮ ਦੇ ਸਰਬਰਾਹ ਸਮਝਣ ਵਾਲੀਆਂ ਕੁਝ 'ਸ਼ਖ਼ਸੀਅਤਾਂ' ਦਾ ਜ਼ਿਕਰ ਪੜ੍ਹ ਕੇ ਕਚਿਆਣ ਆਉਂਦੀ ਹੈ। ਕੋਈ 'ਸਰਬਰਾਹ' ਜਲ੍ਹਿਆਂਵਾਲਾ ਬਾਗ਼ ਦੇ ਖ਼ਲਨਾਇਕ ਨੂੰ 'ਸਿਰੋਪਾ' ਬਖ਼ਸ਼ਿਸ਼ ਕਰ ਕੇ ਪੰਥ ਵਿਚ ਸ਼ਾਮਿਲ ਕਰਨ ਦੀ ਪੇਸ਼ਕਸ਼ ਕਰਦਾ ਹੈ। ਖ਼ਲਨਾਇਕ ਨੂੰ ਜਦੋਂ ਬੱਜਰ ਕੁਰਹਿਤਾਂ ਦੀ ਗੱਲ ਕੀਤੀ ਗਈ ਤਾਂ ਉਸ ਨੂੰ ਇਨ੍ਹਾਂ 'ਚੋਂ 'ਛੋਟ' ਦੇਣ ਦੀ ਵੀ ਪੇਸ਼ਕਸ਼ ਹੋ ਗਈ। ਸ਼੍ਰੋਮਣੀ ਕਮੇਟੀ ਬਣਨ ਤੋਂ ਬਾਅਦ ਗੁਰਦੁਆਰਿਆਂ ਦੀ ਸਾਂਭ-ਸੰਭਾਲ ਵਿਚ ਲਾ-ਮਿਸਾਲ ਸੁਧਾਰ ਹੋਇਆ। ਗੁਰੂ ਆਸ਼ੇ ਮੁਤਾਬਿਕ ਸੇਵਾ-ਸੰਭਾਲ ਸ਼ੁਰੂ ਹੋਈ। ਸਮੇਂ ਦੇ ਕਰਵੱਟ ਲੈਣ ਨਾਲ ਚਿੱਟੀ ਚਾਦਰ ਵਿਚ ਸਿਲਵਟਾਂ ਪੈਣੀਆਂ ਸ਼ੁਰੂ ਹੋ ਗਈਆਂ। ਫਿਰ ਵੀ ਅਨੇਕਾਂ ਨਿਸ਼ਕਾਮ ਲੋਕਾਂ ਦੀ ਬਦੌਲਤ ਪ੍ਰਬੰਧ ਠੀਕ ਚੱਲ ਰਹੇ ਹਨ। ਲੇਕਿਨ ਖ਼ੁਸ਼ਾਮਦ ਕਰਨ ਵਾਲੇ ਲੋਕਾਂ ਤੋਂ ਬਚਣ ਦੀ ਲੋੜ ਹੁੰਦੀ ਹੈ। ਦਰਬਾਨ ਅਤੇ ਚੋਬਦਾਰ ਦੀ ਵੱਖਰੀ ਭੂਮਿਕਾ ਹੁੰਦੀ ਹੈ। ਉਨ੍ਹਾਂ ਨੂੰ ਉੱਚੀਆਂ ਅਤੇ ਸੁੱਚੀਆਂ ਉਪਾਧੀਆਂ ਤੇ ਖ਼ਿਲਤਾਂ ਬਖ਼ਸ਼ੀਆਂ ਜਾਣ ਤਾਂ ਨਿਜ਼ਾਮ 'ਤੇ ਹਰਫ਼ ਆਉਣਾ ਕੁਦਰਤੀ ਵਰਤਾਰਾ ਹੁੰਦਾ ਹੈ। ਸਿਆਸਤਦਾਨਾਂ ਦੇ 'ਚਰਨਾਂ ਦੀ ਧੂੜ' ਬਣਨਾ ਖ਼ੁਦਦਾਰੀ ਨਹੀਂ ਹੁੰਦਾ। ਧਰਮਵੀਰ ਅਤੇ ਯੁੱਧਵੀਰ ਦੇ ਸੁਮੇਲ ਦੇ ਅਰਥ ਸਮਝਣ ਦੀ ਲੋੜ ਹੈ। ਖ਼ੁਦਦਾਰੀ ਦਾ ਆਪਣਾ ਹੀ ਜਲੌਅ ਹੁੰਦਾ ਹੈ।

ਸੂਝਵਾਨ ਨੇਤਾ ਕਦੇ ਵੀ ਖ਼ੁਸ਼ਾਮਦੀਆਂ ਦੇ ਚੱਕਰਵਿਊ ਵਿਚ ਨਹੀਂ ਫਸਦੇ। ਕੌਮਾਂ ਸਦਾ ਨਿਸ਼ਕਾਮ ਸੇਵਕਾਂ 'ਤੇ ਫ਼ਖ਼ਰ ਕਰਦੀਆਂ ਹਨ। ਉਹ ਉਪਾਧੀਆਂ ਦੇ ਮੁਥਾਜ ਨਹੀਂ ਹੁੰਦੇ। ਟਹਿਲੂਆਂ ਅਤੇ ਖ਼ਿਦਮਤਗਾਰਾਂ ਦੇ ਮੱਕੜ-ਜਾਲ ਵਿਚ ਫਸਣ ਤੋਂ ਬਾਅਦ ਕੋਈ ਬਾਹਰ ਨਹੀਂ ਨਿਕਲ ਸਕਦਾ। ਗੁਰਮੁਖ ਕਦੇ ਸੁੱਚੇ ਮੋਤੀਆਂ, ਲਾਲਾਂ ਅਤੇ ਰਤਨਾਂ ਵੱਲ ਝਾਕਦੇ ਤਕ ਨਹੀਂ। ਉਹ ਬਾਣੀ 'ਤੇ ਅਮਲ ਕਰਦੇ ਹਨ। ਉਨ੍ਹਾਂ ਨੂੰ ਡਰ ਰਹਿੰਦਾ ਹੈ ਕਿ ਅਜਿਹੀਆਂ ਵਸਤਾਂ ਦੇਖ ਕੇ ਕਿਤੇ ਉਸ ਪਰਵਰਦਿਗਾਰ ਦਾ ਨਾਂ ਹੀ ਨਾ ਭੁੱਲ ਜਾਵੇ:

**ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ॥**
**ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ॥**
**ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥** (ਅੰਗ ੧੪)

-ਧੰਨਵਾਦ ਸਹਿਤ **ਅਜੋਕੇ ਸਿੱਖ ਸਰੋਕਾਰ** 'ਚੋਂ


✧ ✧ ✧ ✧ ✧

## ਸ਼੍ਰੋਮਣੀ ਕਮੇਟੀ ਵੱਲੋਂ 9 ਅਰਬ 81 ਕਰੋੜ ਦਾ ਬਜਟ ਪਾਸ

ਸ਼੍ਰੋਮਣੀ ਕਮੇਟੀ ਦੇ ਜਨਰਲ ਇਜਲਾਸ ਵਿਚ ਵਿੱਤੀ ਵਰ੍ਹੇ 2020-21 ਲਈ ਲਗਭਗ 9 ਅਰਬ 81 ਕਰੋੜ 94 ਲੱਖ 80,500 ਦਾ ਅਨੁਮਾਨਿਤ ਬਜਟ ਰੱਖਿਆ ਗਿਆ। ਕਰੋਨਾ ਮਹਾਂਮਾਰੀ ਦੇ ਅਸਰ ਕਾਰਨ ਇਹ ਬਜਟ, ਪਿਛਲੇ ਸਾਲ ਦੇ 12 ਅਰਬ 5 ਕਰੋੜ ਦੇ ਬਜਟ ਨਾਲੋਂ, 18.5 ਫ਼ੀਸਦੀ ਘਟਿਆ ਹੈ। ਸਲਾਨਾ ਬਜਟ ਜਨਰਲ ਸਕੱਤਰ ਹਰਜਿੰਦਰ ਸਿੰਘ ਧਾਮੀ ਵੱਲੋਂ ਪੇਸ਼ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਇਸ ਵਿਚੋਂ ਜਨਰਲ ਬੋਰਡ ਫੰਡ ਲਈ 57 ਕਰੋੜ ਰੁਪਏ, ਟਰੱਸਟ ਫੰਡ ਲਈ 37 ਕਰੋੜ 61 ਲੱਖ, ਵਿੱਦਿਆ ਫੰਡ ਲਈ 28 ਕਰੋੜ 44 ਲੱਖ, ਧਰਮ ਪ੍ਰਚਾਰ ਕਮੇਟੀ ਲਈ 58 ਕਰੋੜ, ਪ੍ਰਿੰਟਿੰਗ ਪ੍ਰੈਸਾਂ ਲਈ 8 ਕਰੋੜ 2 ਲੱਖ, ਵਿੱਦਿਅਕ ਅਦਾਰਿਆਂ ਲਈ 2 ਅਰਬ 15 ਕਰੋੜ, ਸੈਕਸ਼ਨ 85 ਦੇ ਗੁਰਦੁਆਰਿਆਂ ਲਈ 5 ਅਰਬ 77 ਕਰੋੜ ਅਤੇ ਡਾਇਰੈਕਟੋਰੇਟ ਆਫ਼ ਐਜੂਕੇਸ਼ਨ ਲਈ 87 ਲੱਖ 80,500 ਰੁਪਏ ਦਾ ਬਜਟ ਰੱਖਿਆ ਗਿਆ ਹੈ। ਬਜਟ ਸੈਸ਼ਨ 'ਚ ਇਸ ਤੋਂ ਇਲਾਵਾ 11 ਮਤੇ ਵੀ ਪੜ੍ਹੇ ਗਏ ਜਿਨ੍ਹਾਂ ਨੂੰ ਹਾਜ਼ਰ ਮੈਂਬਰਾਂ ਨੇ ਪ੍ਰਵਾਨਗੀ ਦਿੱਤੀ। ਜੰਮੂ-ਕਸ਼ਮੀਰ ਭਾਸ਼ਾ ਬਿਲ 'ਚੋਂ ਪੰਜਾਬੀ ਨੂੰ ਬਾਹਰ ਕਰਨ ਅਤੇ ਕਿਸਾਨੀ ਬਿਲਾਂ ਤੇ ਚਿੰਤਾ ਪ੍ਰਗਟ ਕੀਤੀ ਗਈ ਤੇ ਇਨ੍ਹਾਂ 'ਚ ਸੋਧ ਕਰਨ ਦੀ ਮੰਗ ਕੀਤੀ ਗਈ।

(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)

# ਸ੍ਰੀ ਗੁਰੂ ਨਾਨਕ ਦੇਵ ਜੀ ਦੀ ਤਾਲੀਮ




ਤਪ ਤਾਂ ਸਾਰਾ ਮਨ ਦਾ ਹੈ ਜਿਸਨੇ ਸਰੀਰ ਨੂੰ ਰੋਕਣਾ ਹੈ, ਪਰ ਏਕਾਂਤ ਕੁਛ ਸਮਾਂ ਰਹਿਕੇ ਸਰੀਰ ਨੂੰ ਸਾਧਣਾ ਤੇ ਇਸਨੂੰ ਆਪਣੇ ਰਬ ਦੇ ਹੁਕਮ ਵਿਚ ਟੋਰਨਾ, ਇਸ ਤਪੱਸਜਾ ਦੇ ਕਰਨੇ ਦੀ ਲੋੜ ਹੈ ਅਤੀਤ ਰਹਿਣੇ ਵਾਲੇ ਸਾਧੂ ਨੂੰ ਵਿਸ਼ੇਸ਼ ਕਰਕੇ। ਬਾਕੀ ਰਿਹਾ 'ਸਤਿ' ਉਹ ਹੈ ਸਚ ਵਿਚ ਟਿਕਾਉ। ਇਸਦੇ ਮਨ ਵਿਚ ਜੋ ਰਬ ਜੀ ਦਾ ਨਿਵਾਸ ਹੋਣਾ ਹੈ, ਉਹ ਪਹਿਲੋਂ 'ਹੈ' ਦੀ ਪ੍ਰਤੀਤੀ ਹੋਣਾ ਹੈ। ਇਹ ਹੈ ਸਤਿ ਯਾ ਸੱਚ। ਪਰ ਇਹ ਸਚ ਆਤਮਾ ਵਿਚ ਨਿਵਾਸ ਰਖਦਾ ਹੈ। ਇਹੋ ਜਦ ਅਮਲ ਵਿਚ ਆਉਂਦਾ ਹੈ, ਤਾਂ ਸਾਧੂ ਉਹ ਕੁਛ ਬੋਲਦਾ ਹੈ, ਜੋ 'ਹੈ'। ਅਰਥਾਤ ਜੋ ਠੀਕ ਠੀਕ ਯਥਾਰਥ ਰੂਪ ਜਿਵੇਂ ਹੈ ਉਵੇਂ ਪ੍ਰਤੀਤ ਕਰਨਾ ਤੇ ਆਖਣਾ। ਇਉਂ ਇਹ ਕੰਮ ਵੀ ਰਸਨਾ ਉਪਰ ਵਸੀਕਾਰ ਪਾਉਣੇ ਦਾ ਹੈ, ਹੈ ਇਹ ਬੀ ਮਨ ਦਾ ਕੰਮ, ਪਰ ਇਸ ਲਈ ਵੀ ਅਤੀਤ ਸਾਧੂ ਨੂੰ ਕੁਛ ਸਮਾਂ ਏਕਾਂਤ ਰਹਿਣੇ ਦੀ ਲੋੜ ਹੈ। ਏਕਾਂਤ ਵਿਚ ਬੋਲਣਾ ਘਟ ਜਾਏਗਾ, ਸੁਤੇ ਹੀ ਮੋਨ ਦਾ ਮੌਕਾ ਆ ਜਾਏਗਾ। ਇਹ ਮੋਨ, ਇਹ ਚੁਪ ਉਸਦਾ ਤਪ ਹੋਏਗਾ, ਜੋ ਉਸਨੂੰ ਰਸਨਾ ਦੇ ਸਚ ਝੂਠ ਤੋਂ ਮੋਨ ਦੀ ਸ਼ੂਨਤਾ ਵਿਚ ਲੈ ਜਾਏਗਾ। ਉਸ ਵੇਲੇ ਸਾਧੂ ਨੂੰ ਅਸਲ ਸੱਚ ਦੀ ਸੋਝੀ ਪਏਗੀ। ਫਿਰ ਜਦ ਬੋਲੇਗਾ ਤਾਂ ਰਸਨਾਂ ਸਚ ਹੀ ਬੋਲੇਗੀ। ਇਸ ਪ੍ਰਕਾਰ ਅਤੀਤ ਸਾਧੂ ਲਈ ਨਾਮ ਅਭਜਾਸ ਦੇ ਨਾਲ ਇਨ੍ਹਾਂ ਸਾਧਨਾਂ ਤੇ ਤਤਿਖਜਾ ਦੀ ਬੀ ਲੋੜ ਹੈ।

**ਡਜੁਸ਼ੋਜ਼ਾ–** ਕੀ ਇਸ ਤਰ੍ਹਾਂ ਕੁਛ ਸਮਾਂ ਤਪ ਕਰਕੇ ਜਗਤ ਸੇਵਾ ਦਾ ਕੰਮ ਨਿਰਭੈ ਟੁਰ ਪਏਗਾ ?

**ਸੰਤ–** ਟੁਰ ਤਾਂ ਪਏਗਾ, ਪਰ ਤਜਰਬਾ ਫੇਰ ਕੁਝ ਹੋਰ ਸਿਖਾਏਗਾ। ਸਾਧੂ ਤਾਂ ਜਾਏਗਾ ਜਗਤ ਵਿਚ ਜਗਤ ਦਾ ਦੁਖ ਹਰਨ ਲਈ। ਪਰ ਜੀਕੂੰ ਕਈ ਬੀਮਾਰੀਆਂ ਛੂਤ ਦੀਆਂ ਹੁੰਦੀਆਂ ਹਨ, ਜੋ ਨਾ-ਖਬਰਦਾਰ ਡਾਕਟਰ ਵੈਦ ਨੂੰ ਦੁਖ ਦੂਰ ਕਰਦਿਆਂ ਆਪ ਨੂੰ ਫੜ ਲੈਂਦੀਆਂ ਹਨ, ਜਿਵੇਂ ਡੁਬਦੇ ਨੂੰ ਕੱਢਣ ਗਏ ਤਾਰੂ ਨੂੰ ਡੁਬਣ ਵਾਲਾ ਕਈ ਵੇਰ ਜੱਫਾ ਮਾਰਕੇ ਆਪ ਬਚਣ ਦੀ ਥਾਂ ਉਸਨੂੰ ਨਾਲ ਲੈ ਡੁਬਦਾ ਹੈ, ਪਰ ਜੋ ਤਾਰੂ ਖਬਰਦਾਰ ਹੈ ਉਹ ਜਿਸਨੂੰ ਬਚਾਉਣ ਲੱਗਾ ਹੈ ਉਸਦੇ ਜੱਫੇ ਵਿਚ ਕਦੇ ਨਹੀਂ ਆਵੇਗਾ। ਤਿਵੇਂ ਅਪਣੇ ਸਾਧੇ ਹੋਏ ਸਰੀਰ ਤੇ ਮਨ ਤੇ ਕਾਬੂ ਰੱਖਣ ਵਾਲਾ ਸਾਧੂ ਜਦ ਡੁਬਦੇ ਲੋਕਾਂ ਨੂੰ ਬਚਾਏਗਾ ਤਾਂ ਸਦਾ ਖਬਰਦਾਰ ਰਹੇਗਾ ਕਿ ਇਨ੍ਹਾਂ ਦੀ ਮੋਹ ਮਾਯਾ ਦਾ ਕੋਈ ਅਸਰ ਮੇਰੇ ਉਤੇ ਨਾ ਪਵੇ, ਮੈਂ ਇਨ੍ਹਾਂ ਨੂੰ ਬਚਾਵਾਂ।

**ਡਜੁਸ਼ੋਜ਼ਾ–** ਕੀ ਇਸ ਲਈ ਕੋਈ ਨਵਾਂ ਸਾਧਨ ਹੈ ?

**ਸੰਤ–** ਉਸ ਦਾ ਮੁੱਖ ਕੰਮ ਤਾਂ ਹੋਵੇਗਾ ਆਪਣੇ ਰਬ ਜੀ ਦੇ ਪਜਾਰ ਵਿਚ ਵੱਸਣਾ, ਉਹ ਸਾਰੇ ਹੋਛੇ ਰਸਾਂ ਤੋਂ ਅਤੀਤ ਰਹੇਗਾ ਤੇ ਨਾਮ ਰਸ ਪੀਏਗਾ, ਉਹ ਹੁਕਮ ਵਿਚ ਟੁਰਦਾ ਹੁਕਮੀ ਦੀ ਹਜ਼ੂਰੀ ਤੋਂ ਦੂਰੀ ਵਿਚ ਨਹੀਂ ਜਾਏਗਾ। ਗੁਰੂ ਕੀ ਬਾਣੀ ਦੀ ਵੀਚਾਰ ਦੇ ਚਾਨਣੇ ਵਿਚ ਟੁਰੇਗਾ। ਕਿਸੇ ਆ ਪਏ ਔਖ ਵੇਲੇ ਹਠ ਤਪ ਤੋਂ ਵੀ ਪੂਰਾ ਕੰਮ ਲਏਗਾ। ਥੋੜੇ ਥੋੜੇ ਸਮੇਂ ਬਾਦ ਏਕਾਂਤ ਵਿਚ ਆ ਜਾਏਗਾ, ਜਿਥੇ ਨਿਰੋਲ 'ਆਪ' 'ਪਰਮ ਆਪੇ' ਦੇ ਅਨੁਭਵ ਵਿਚ ਰਹਿਕੇ 'ਸਾਰ ਸੁਖ', ਸਿਰ ਸੁਖਾਂ ਦੇ ਸੁਖ ਸਾਗਰ ਵਿਚ ਆਪੇ ਨੂੰ ਗੋਤੇ ਦੇ ਦੇ ਕੇ ਸ਼ੁਧ ਆਤਮ ਅਨੁਭਵਤਾ ਵਿਚ ਨਿਰਮਲ ਕਰੇਗਾ।


**ਡਜੁਸ਼ੋਜ਼ਾ–** ਜਗਤ ਮਿੱਠਾ ਹੈ, ਸਰੀਰ ਪਿਆਰਾ ਹੈ, ਇੰਦ੍ਰਿਆਂ ਦੇ ਰਸ ਲੁਭਾਉਂਦੇ ਹਨ, ਤੁਸਾਨੂੰ ਕਿਵੇਂ ਇਹ ਲਗਨ ਲਗ ਪਈ ਕਿ ਮੈਂ ਇਨ੍ਹਾਂ ਤੋਂ ਮੂੰਹ ਮੋੜਾਂ ਤੇ ਏਕਾਂਤ ਰਹਾਂ ?

**ਸੰਤ–** ਇਹ ਆਪਣੇ ਵੱਸ ਦੀ ਗਲ ਨਹੀਂ। ਅਪਣੇ ਦੁਖ, ਜਗਤ ਦੇ ਦੁਖ ਦੇਖਕੇ ਕਿਸੇ ਕਿਸੇ ਨੂੰ ਸੁਤੇ ਹੀ ਉਦਾਸੀ ਆ ਘੇਰਦੀ ਹੈ। ਸਰੀਰ ਦੇ ਭੋਗ ਤੇ ਜਗਤ ਤੋਂ ਮਿਲਣ ਵਾਲੇ ਰਸ ਚੰਗੇ ਨਹੀਂ ਲੱਗਦੇ। ਕਿਉਂਕਿ ਉਹ ਆਪਣੇ ਨਾਲ ਨਾਲ ਦੁਖ ਲਈ ਰੱਖਦੇ ਹਨ। ਯਾ ਕਿਸੇ ਨੂੰ ਕੋਈ ਸਤਿਸੰਗ ਹੋ ਜਾਂਦਾ ਹੈ ਤਾਂ ਜਗਤ ਤੋਂ ਉਦਾਸੀ ਹੋ ਆਉਂਦੀ ਹੈ। ਇਸ ਉਦਾਸੀ ਨੂੰ ਅਸੀਂ ਵੈਰਾਗ ਕਹਿੰਦੇ ਹਾਂ। ਇਹ ਵੈਰਾਗ ਸਤਿਸੰਗ ਨਾਲ ਤੇ ਵੀਚਾਰ ਨਾਲ ਵਧਦਾ ਹੈ ਤੇ ਦ੍ਰਿੜ੍ਹ ਹੁੰਦਾ ਹੈ। ਜਦ ਤਕ ਇਹ ਵੈਰਾਗ ਪਰਪੱਕ ਨਾ ਹੋ ਜਾਵੇ ਕਿਸੇ ਨੂੰ ਸਾਡੇ ਵਾਲਾ ਜੀਵਨ ਧਾਰਨ ਨਹੀਂ ਕਰਨਾ ਚਾਹੀਦਾ। ਨਹੀਂ ਤਾਂ ਤਜਾਗ ਕਰਕੇ ਫੇਰ ਫਸਦਾ ਹੈ, ਤੇ ਉਹ ਫਸਣਾ ਵਧੇਰਾ ਗਿਰਾਉ ਹੁੰਦਾ ਹੈ। ਇਸੇ ਕਰਕੇ ਗੁਰੂ ਨਾਨਕ ਦੇਵ ਜੀ ਨੇ ਜਗਤ ਨੂੰ ਜਗਤ ਵਿਚੇ ਰਹਿਕੇ 'ਰਬ ਜੀ ਦਾ ਰਾਗ' ਸਿਖਾਇਆ ਕਿ ਇਸ ਰੱਬੀ ਪ੍ਰੇਮ ਨਾਲ ਜਗਤ ਨਾਲ ਸੁਤੇ ਵੈਰਾਗ ਦਾ ਭਾਵ ਅੰਦਰ ਆ ਟਿਕੇਗਾ ਤੇ ਜੀਵ ਭਾਈਚਾਰੇ ਵਿਚ ਵਸਦਾ ਹੋਇਆ ਤਾਰੂ ਵਾਂਙੂ ਤਰਦਾ ਰਹੇਗਾ। ਮੋਹ ਮਾਇਆ ਵਿਚ ਬੱਧਿਆਂ ਵਾਂਙੂ ਡੁਬੇਗਾ ਨਹੀਂ। ਇਹੋ ਗੁਰੂ ਜੀ ਦਾ ਮਾਰਗ ਸੀ ਜਿਸਨੂੰ ਮੈਂ ਦੱਸਿਆ ਸੀ ਕਿ ਅਸੀਂ 'ਪ੍ਰਵਾਣ ਗ੍ਰਿਹਸਤ ਉਦਾਸ' ਆਖਦੇ ਹਾਂ। ਪਰ ਕਈ ਜੀਵਾਂ ਵਿਚ ਸੁਤੇ ਵੈਰਾਗ ਵਧੇਰੇ ਹੁੰਦਾ ਹੈ ਤੇ ਕਈ ਕਾਰਨਾਂ ਕਰਕੇ ਮੱਚ ਖਲੋਂਦਾ ਹੈ, ਉਹਨਾਂ ਲਈ ਵੀ ਸਾਡੇ ਧਰਮ ਵਿਚ ਬੰਦਸ਼ ਨਹੀਂ, ਸਾਡੀ ਗੁਰੂ ਰੂਪ ਧਰਮ ਪੁਸਤਕ ਵਿਚ ਲਿਖਿਆ ਹੈ-"ਕਬੀਰ ਜਉ ਗ੍ਰਿਹੁ ਕਰਹਿ ਤ ਧਰਮੁ ਕਰੁ ਨਾਹੀ ਤ ਕਰੁ ਬੈਰਾਗੁ॥ ਬੈਰਾਗੀ ਬੰਧਨੁ ਕਰੈ ਤਾ ਕੋ ਬਡੋ ਅਭਾਗੁ॥ (ਅੰਗ ੧੩੭੭)" ਜੋ ਸੁਤੇ ਵੈਰਾਗੀ ਪੁਰਖ ਵੈਰਾਗਵਾਨ ਹੋ ਕੇ ਜਗਤ ਦਾ ਤਿਆਗ ਕਰਕੇ ਬਿਹੰਗਮ ਵਾਂਙੂ ਸੁਤੰਤ੍ਰ ਹੋ ਜਾਏ, ਉਸਦਾ ਫਿਰ ਧਰਮ ਹੈ ਸਾਂਈਂ ਦੇ ਆਸਰੇ ਰਹਿਣਾ ਤੇ ਜਗਤ ਨੂੰ ਸੰਵਾਰਨਾ। ਸੋ ਜਦੋਂ ਵੈਰਾਗਵਾਨ ਹੋ ਕੇ ਕੁਛ ਸਮਾਂ ਏਕਾਂਤ ਵਿਚ ਆਪਾ ਨਿਵਾਰ ਤੇ ਸੁਆਰਕੇ ਮੁੜ ਜਗਤ ਵਿਚ ਜਾਈਦਾ ਹੈ ਤਾਂ ਇਹ ਵੈਰਾਗ, ਜਿਸਨੇ ਜਗਤ ਤੋਂ ਉਪ੍ਰਾਮ ਕੀਤਾ ਹੈ 'ਅੰਦਰਲੇ ਪਹਿਰੂਏ' ਦੀ ਤਰ੍ਹਾਂ ਨਾਲ ਜਾਂਦਾ ਤੇ ਅਣਜਾਣੇ ਕੰਮ ਕਰਦਾ ਰਹਿੰਦਾ ਹੈ। ਜਦੋਂ ਕੋਈ ਪਰਤਾਵਾ ਆਉਂਦਾ ਹੈ, ਕੋਈ ਲੁਭਾਇਮਾਨਤਾ ਪੇਸ਼ ਹੁੰਦੀ ਹੈ ਤਾਂ 'ਵੀਚਾਰ' ਤਾਂ ਪਿਛੋਂ ਕੰਮ ਕਰਦੀ ਹੈ, ਪਹਿਲੋਂ ਅੰਦਰ ਵਸਦਾ 'ਸੁਤੇ ਵੈਰਾਗ' ਉਸ ਪਾਸੇ ਵਲੋਂ ਸੂਗ ਕਹੋ, ਉਦਾਸੀ ਕਹੋ, ਇਕ ਪ੍ਰਕਾਰ ਦਾ "ਪਰੇ ਹਟਣ" ਦਾ ਧੱਕਾ ਅੰਦਰੋਂ ਹੀ ਲਾ ਦੇਂਦਾ ਹੈ।

(ਲੇਖ ਦਾ ਬਾਕੀ ਹਿੱਸਾ ਅਗਲੇ ਅੰਕ 'ਚ)

# ਪੁਸਤਕ-ਪੜਚੋਲ

**ਚੇਤੇ ਵਿਚ ਉਕਰੇ ਸ਼ਿਲਾਲੇਖ** ਸਮੇਂ-ਸਮੇਂ ਰਸਾਲਿਆਂ-ਪਤ੍ਰਿਕਾਵਾਂ ਵਿਚ ਛਪੇ ਸਮਾਜਕ, ਸਾਹਿਤਕ ਤੇ ਅਕਾਦਮਿਕ ਖੇਤਰ ਨਾਲ ਜੁੜੀਆਂ ਉਨ੍ਹਾਂ 22 ਸ਼ਖ਼ਸੀਅਤਾਂ ਦੇ ਰੇਖਾ-ਚਿੱਤਰ ਹਨ ਜਿਨ੍ਹਾਂ ਨੂੰ ਇਸ ਵਾਰ ਪੁਸਤਕੀ ਰੂਪ 'ਚ ਸਾਂਭਦਿਆਂ ਸਾਹਿਤ ਦਾ ਹਿੱਸਾ ਬਣਾ ਲਿਆ ਗਿਆ ਹੈ। ਇਸ ਤਰ੍ਹਾਂ ਦਾ ਕੰਮ ਲੇਖਕ ਕੁਲਦੀਪ ਸਿੰਘ ਧੀਰ ਨੂੰ ਫੱਬਦਾ ਵੀ ਬਹੁਤ ਹੈ ਕਿਉਂਜੋ ਸ਼ਖ਼ਸੀਅਤਾਂ ਦੇ ਰੇਖਾ-ਚਿੱਤਰ, ਲੇਖਕਾਂ ਦੇ ਜੀਵਨ-ਚਿੱਤਰ ਲਿਖਣੇ ਇਸ ਕੰਮ 'ਚ ਉਹ ਪੂਰੇ ਮਾਹਿਰ ਹਨ ਤੇ ਇਸ ਭਾਂਤ ਦੀਆਂ ਪਹਿਲਾਂ ਵੀ ਕਈ ਪ੍ਰਸਤਕਾਂ ਉਹਨਾਂ ਦੀਆਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ ਜਿਵੇਂ **ਸਿੱਖ ਰਾਜ ਦੇ ਬੀਰ ਨਾਇਕ, ਦਰਿਆਵਾਂ ਦੀ ਦੋਸਤੀ, ਭਾਰਤੀ ਵਿਗਿਆਨ ਦੇ ਚਾਨਣ-ਮੁਨਾਰੇ, ਵਿਗਿਆਨ ਦੇ ਸਿਕੰਦਰ, ਸਿਰਮੌਰ ਪੰਜਾਬੀ** ਆਦਿ। ਹਥਲੀ ਪੁਸਤਕ ਮੁੱਖ ਰੂਪ 'ਚ ਸਾਹਿਤ ਖੇਤਰ ਦੇ ਧੁਰੰਧਰਾਂ ਨੂੰ ਕਲਮਬੰਦ ਕਰਨ ਵਲ ਯਤਨਸ਼ੀਲ ਹੈ।




ਪੁਸਤਕ ਦਾ ਸ਼ੁਰੂਆਤੀ ਲੇਖ ਹੈ— ਇਕ ਕੋਲਾਜ਼ : ਹਰਿਭਜਨ ਸਿੰਘ। ਹਰਿਭਜਨ ਸਿੰਘ ਨਾਲ ਬਿਤਾਈਆਂ ਮੁਲਾਕਾਤਾਂ ਨੂੰ ਤਰੋਤਾਜ਼ਾ ਕਰਦਾ ਇਹ ਕੋਲਾਜ਼ ਪਾਠਕ ਨਾਲ ਵੀ ਜਿਵੇਂ ਇਕ ਤਰ੍ਹਾਂ ਹਰਿਭਜਨ ਸਿੰਘ ਦੀ ਮੁਲਾਕਾਤ ਕਰਾ ਦਿੰਦਾ ਹੈ। ਇਹੀ ਤੇ ਹੈ ਲੇਖਕ ਦੀ ਕਲਮ-ਸਮਰੱਥਾ ਜਿਸ ਵਿਚੋਂ ਸ਼ਖ਼ਸੀਅਤ ਜਿਵੇਂ ਪਾਠਕ ਸਾਹਮਣੇ ਦ੍ਰਿਸ਼ਟੀਪਰਕ ਹੋ ਜਾਂਦੀ। ਇਸ ਤੋਂ ਅੱਗੇ ਸੰਤ ਸਿੰਘ ਸੇਖੋਂ, ਪ੍ਰੋ. ਪ੍ਰੀਤਮ ਸਿੰਘ, ਭਾਈ ਜੋਧ ਸਿੰਘ, ਭਗਤ ਪੂਰਨ ਸਿੰਘ, ਚਰਨ ਦਾਸ ਸਿੱਧੂ, ਪ੍ਰੇਮ ਪ੍ਰਕਾਸ਼ ਸਿੰਘ, ਰੱਬੀ ਸ਼ੇਰਗਿਲ, ਬਰਜਿੰਦਰ ਸਿੰਘ ਹਮਦਰਦ, ਜਸਵੰਤ ਸਿੰਘ ਵੰਤਾ, ਧਰਮਪਾਲ ਸਿੰਗਲ, ਤ੍ਰੈਲੋਚਨ, ਪਿਆਰਾ ਸਿੰਘ ਪਦਮ, ਸੰਤ ਗਿਆਨੀ ਨਿਰੰਜਨ ਸਿੰਘ, ਸੁਰਜੀਤ ਸਿੰਘ ਭਾਟੀਆ, ਅੰਮ੍ਰਿਤ ਲਾਲ ਪਾਲ, ਦਲਜੀਤ ਸਿੰਘ, ਸਤਿੰਦਰ ਸਿੰਘ, ਸਿਰਦਾਰ ਕਪੂਰ ਸਿੰਘ, ਦੀਵਾਨ ਆਨੰਦ ਕੁਮਾਰ, ਜਗਜੀਤ ਸਿੰਘ ਦਰਦੀ, ਬਲਦੇਵ ਸਿੰਘ ਆਦਿ ਜਿਨ੍ਹਾਂ ਬਾਰੇ ਵੀ ਉਸ ਲਿਖਿਆ, ਇਹ ਸਾਰੇ ਇਸੇ ਵਿਧੀ ਅਧੀਨ ਪਾਠਕ ਦੀ ਸਿਮਰਤੀ ਦਾ ਅੰਗ ਬਣਦੇ ਹਨ। ਕੋਈ ਰਚਨਾ ਪਾਠਕ ਦੀ ਸਿਮਰਤੀ ਦਾ ਅੰਗ ਬਣੇ ਇਸ ਲਈ ਲੋੜ ਹੁੰਦੀ ਹੈ ਵਿਸ਼ੇ ਸੰਬੰਧੀ ਜਾਣਕਾਰੀ ਤੋਂ ਇਲਾਵਾ ਰਸਿਕ ਤੇ ਗਿਆਨਪਰਕ ਸ਼ੈਲੀ-ਸ਼ਬਦਾਵਲੀ ਦੀ। ਇਸ ਪੱਖੋਂ ਵੀ ਲੇਖਕ ਸਮਰੱਥਾ ਦਾ ਧਾਰਨੀ ਹੈ। ਬਹੁਪੱਖੀ ਸ਼ਖ਼ਸੀਅਤ ਬਰਜਿੰਦਰ ਸਿੰਘ ਹਮਦਰਦ ਦਾ ਰੇਖਾ-ਚਿੱਤਰ ਖਿੱਚਦਿਆਂ ਉਹ ਲਿਖਦਾ ਹੈ—

"ਉਸ ਨੇ ਵੇਖਦੇ-ਵੇਖਦੇ ਹੀ ਸਵੱਛ, ਸੰਤੁਲਿਤ ਤੇ ਆਧੁਨਿਕ ਦਿੱਖ ਵਾਲੇ **ਪੰਜਾਬੀ ਟ੍ਰਿਬਿਊਨ** ਨੂੰ ਸ਼ਹਿਰੀ ਮੱਧ ਵਰਗ ਦੀਆਂ ਬੈਠਕਾਂ ਦਾ ਸ਼ਿੰਗਾਰ ਬਣਾ ਦਿੱਤਾ। ਅੰਗ੍ਰੇਜ਼ੀ ਟ੍ਰਿਬਿਊਨ ਦੇ ਕਈ ਪਾਠਕ ਅੰਗ੍ਰਜ਼ੀ ਦੀ ਥਾਂ ਪੰਜਾਬੀ ਟ੍ਰਿਬਿਊਨ ਨਾਲ ਜੁੜ ਗਏ। ਕਈਆਂ ਨੂੰ ਪੰਜਾਬੀ ਤੇ ਅੰਗ੍ਰੇਜ਼ੀ ਟ੍ਰਿਬਿਊਨ ਦੋਵੇਂ ਪੜ੍ਹਨ ਦਾ ਚਸਕਾ ਉਸ ਪਾ ਦਿੱਤਾ।.... ਹੌਲੀ-ਹੌਲੀ ਪੰਜਾਬੀ ਬੁੱਧੀਜੀਵੀ ਵਰਗ ਨੂੰ **ਪੰਜਾਬੀ ਟ੍ਰਿਬਿਊਨ** ਬਿਨਾਂ ਗੁਜ਼ਾਰਾ ਔਖਾ ਜਾਪਣ ਲੱਗਾ। ਕਰਾਮਾਤ ਸੀ ਇਹ ਬਰਜਿੰਦਰ ਦੀ।.... ਛਿਆਂ ਸਾਲਾਂ ਬਾਅਦ ਉਹ ਵਾਪਸ **ਅਜੀਤ** ਵਲ ਪਰਤ ਆਇਆ। ਆਪਣੇ ਘਰ, ਆਪਣੇ ਪਿਤਾ ਦੇ ਹੱਥੀਂ ਲਾਏ ਇਸ ਬੂਟੇ ਨੂੰ ਉਸ ਵਧਦਾ-ਫੁਲਦਾ ਤੇ ਘਣਛਾਵਾਂ ਬਣਦਿਆਂ ਤੱਕਿਆ ਸੀ। ਉਸਨੇ ਇਸ ਨੂੰ ਨਵੀਆਂ ਬੁਲੰਦੀਆਂ ਉੱਤੇ ਪੁਚਾਇਆ।" (ਪੰਚਾ 80)

ਕੁਝ ਹੋਰ ਉਦਾਹਰਨਾਂ : "ਆਪਣਾ ਨੰਦਾ (ਸਤਿੰਦਰ ਸਿੰਘ ਨੰਦਾ) ਸਿਰਫ਼ ਨਾਟਕਕਾਰ ਹੀ ਨਹੀਂ। ਹੋਰ ਵੀ ਬੜਾ ਕੁਝ ਹੈ। ਕਵੀ, ਕਹਾਣੀਕਾਰ, ਨਾਵਲਕਾਰ ਤੇ ਸੰਪਾਦਕ। ਤੁਸੀਂ ਸਮਾਜ ਸੇਵਕ ਤਾਂ ਵੇਖੇ ਸੁਣੇ ਹੋਣੇ ਹਨ। ਨੰਦਾ ਸਾਹਿਤ ਤੇ ਸਾਹਿਤਕਾਰਾਂ ਦਾ ਸੇਵਕ ਹੈ। ਤੁਸੀਂ ਸਿੰਘ ਸਭੀਏ ਵੇਖੇ ਸੁਣੇ ਹੋਣੇ ਹਨ। ਨੰਦਾ ਸਾਹਿਤ ਤੇ ਸਾਹਿਤਕਾਰਾਂ ਦਾ ਸੇਵਕ ਹੈ। ਉਹ ਸਾਹਿਤਕ ਕਾਰਜਾਂ ਲਈ ਦਸਵੰਧ ਕੱਢਣ ਵਾਲਾ ਬੰਦਾ ਹੈ। ਇਸ ਦਸਵੰਧ ਨਾਲ ਉਹ ਆਪਣੇ ਸਾਹਿਤਕ ਸ਼ੌਕਾਂ ਨਾਲ ਜੁੜੀਆਂ ਬਹੁਭਾਂਤੀ ਸਰਗਰਮੀਆਂ ਜਾਰੀ ਰੱਖਦਾ ਹੈ।" (ਪਾਠ— ਆਪਣਾ ਨੰਦਾ : ਸਤਿੰਦਰ ਸਿੰਘ, ਪੰਨਾ 155)

"ਸਰਦਾਰ ਨੂੰ ਸਿਰਦਾਰ ਲਿਖਣ ਵਾਲਾ ਕੇਵਲ ਸਿਰਦਾਰ ਕਪੂਰ ਸਿੰਘ ਸੀ। ਕਪੂਰ ਸਿੰਘ ਜਿਸ ਨੂੰ ਸਿਰਦਾਰ ਹੋਣ ਦਾ ਮਾਣ ਸੀ ਤੇ ਜਿਸ ਦੇ ਇਸ ਮਾਣ ਨੂੰ ਤੋੜਨ ਤੇ ਰੋਲਣ ਹਿੱਤ ਆਪਣੇ ਬਿਗਾਨੇ ਹਰ ਹੀਲਾ ਵਰਤਦੇ ਰਹੇ। ਉਸਦੀ ਦਸਤਾਰ ਥੱਲੇ ਵਾਕਈ ਇਕ ਸਿਰ ਸੀ। ਮਾਣ ਤੇ ਅਣਖ ਵਾਲਾ ਸਿਰ ਹੀ ਨਹੀਂ, ਇਕ ਤੀਖਣ ਪ੍ਰਤਿਭਾ ਤੇ ਜ਼ਹਾਨਤ ਵਾਲਾ ਸਿਰ ਜੇਹੋ ਜਿਹਾ ਕਿਸੇ ਵਿਰਲੇ ਕੋਲ ਹੁੰਦਾ ਹੈ।" (ਪਾਠ— ਵੇਖਿਆ ਸੁਣਿਆ : ਸਿਰਦਾਰ ਕਪੂਰ ਸਿੰਘ, ਪੰਨਾ 163)

ਉਦਾਹਰਨਾਂ ਬਹੁਤ ਦਿੱਤੀਆਂ ਜਾ ਸਕਦੀਆਂ ਹਨ। ਗਰਜ਼ ਕਿ ਕੋਈ ਵੀ ਪਾਠ ਸ਼ੁਰੂ ਕਰ ਲਓ, ਪਾਠਕ ਨੂੰ ਕੁਝ ਸਮੇਂ ਬਾਅਦ ਪਤਾ ਲੱਗਦਾ ਕਿ ਕੁਛ ਸਮਾਂ ਪਹਿਲਾਂ ਉਹ ਇਕੱਲਾ ਸੀ ਤੇ ਹੁਣ ਲਿਖਤ ਦਾ ਹਿੱਸਾ ਬਣੀ ਬੈਠਾ। ਕਹਿ ਸਕਦੇ ਹਾਂ ਵਿਗਿਆਨ ਤੇ ਸਾਹਿਤ ਨਾਲ ਜੁੜੀ ਗੰਭੀਰ ਸ਼ਖ਼ਸੀਅਤ ਡਾ. ਧੀਰ ਕੋਲ ਇਕ ਹੁਨਰ ਹੈ ਕਿ ਇਕ ਸਾਧਾਰਨ ਪਾਠਕ ਤੇ ਇਕ ਵਿਦਵਾਨ ਪਾਠਕ ਉਸਦੇ ਰੇਖਾ-ਚਿੱਤਰਾਂ 'ਚੋਂ ਸਹਿਜੇ ਗੁਜ਼ਰ ਜਾਂਦੇ ਹਨ ਤੇ ਉਸ ਸ਼ਖ਼ਸੀਅਤ ਨਾਲ ਇਕ ਤਰ੍ਹਾਂ ਦਾ ਰਾਬਤਾ ਬਣਾ ਲੈਂਦੇ ਹਨ ਜਿਨ੍ਹਾਂ ਬਾਰੇ ਉਹ ਪੜ੍ਹ ਰਹੇ ਹੁੰਦੇ। ਪ੍ਰਸਤੁਤ ਪੁਸਤਕ 'ਚ ਨਾਮੀ-ਗਿਰਾਮੀ ਸ਼ਖ਼ਸੀਅਤਾਂ ਵੀ ਪੁਸਤਕ ਦਾ ਹਿੱਸਾ ਬਣੀਆਂ ਹਨ ਤੇ ਅਜਿਹੀਆਂ ਵੀ ਜਿਨ੍ਹਾਂ ਬਾਰੇ ਪਾਠਕ ਘੱਟ ਜਾਣਦੇ ਹਨ ਜਿਵੇਂ— ਜਸਵੰਤ ਸਿੰਘ ਵੰਤਾ, ਤ੍ਰੈਲੋਚਨ, ਸੰਤ ਗਿਆਨੀ ਨਿਰੰਜਨ ਸਿੰਘ, ਅੰਮ੍ਰਿਤਲਾਲ ਪਾਲ, ਸਤਿੰਦਰ ਸਿੰਘ ਨੰਦਾ, ਦੀਵਾਨ ਆਨੰਦ ਕੁਮਾਰ ਆਦਿ। ਕੁਲ ਮਿਲਾ ਕੇ ਸਾਹਿਤਕ-ਅਕਾਦਮਿਕ ਖੇਤਰ ਦੀਆਂ ਸ਼ਖ਼ਸੀਅਤਾਂ ਬਾਰੇ ਚਾਨਣਾ ਪਾਉਂਦੀ, ਉਨ੍ਹਾਂ ਨਾਲ ਆਪਣੀਆ ਮਿਲਣੀਆਂ ਦੇ ਦ੍ਰਿਸ਼-ਚਿੱਤਰ ਖਿੱਚਦੀ ਇਹ ਪੁਸਤਕ ਆਮ ਪਾਠਕ ਵਰਗ ਤੇ ਖ਼ਾਸਕਰ ਉਸ ਪਾਠਕ ਵਰਗ ਲਈ ਬਹੁਤ ਲਾਹੇਵੰਦ ਹੈ ਜੋ ਹਾਲੇ ਨਵਾਂ ਹੈ ਕਿਉਂਕਿ ਇਸ ਰੇਖਾ-ਚਿੱਤਰ ਸੰਗ੍ਰਹਿ ਦੀਆਂ ਬਹੁਤ ਸਾਰੀਆਂ ਸ਼ਖ਼ਸੀਅਤਾਂ ਰੂਹੇ-ਜ਼ਮੀਂ ਤੋਂ ਪਲਾਇਨ ਕਰ ਚੁੱਕੀਆਂ ਹਨ ਤੇ ਕੁਝ ਜੋ ਹੋਂਦ ਵਿਚ ਹਨ ਪਰ ਘੱਟ-ਚਰਚਿਤ ਹਨ ਤੇ ਪੜ੍ਹਨਯੋਗ ਹਨ। ਸਰਵਰਕ, ਸੈਟਿੰਗ, ਸ਼ਬਦ ਜੋੜ, ਕਾਗਜ਼ ਆਦਿ ਪੱਖੋਂ ਮਿਆਰੀ ਪ੍ਰਤਿਮਾਨਾਂ ਦੀ ਧਾਰਨੀ ਇਸੇ ਪੁਸਤਕ ਦਾ ਰੇਖਾ-ਚਿੱਤਰ ਪੁਸਤਕ ਲੜੀ ਤੇ ਸਾਹਿਤ ਜਗਤ 'ਚ ਭਰਵਾਂ ਸੁਆਗਤ ਹੈ। ਅਸੀਂ ਆਸ ਕਰਦੇ ਹਾਂ ਲੇਖਕ ਡਾ. ਕੁਲਦੀਪ ਸਿੰਘ ਧੀਰ ਅੱਗੋਂ ਵੀ ਸਾਨੂੰ ਅਤੇ ਪੰਜਾਬੀ ਸਾਹਿਤ ਨੂੰ ਆਪਣੇ ਸਾਹਿਤਕ ਕ੍ਰਿਸ਼ਮਿਆਂ ਨਾਲ ਅਲੰਕ੍ਰਿਤ ਕਰਦੇ ਰਹਿਣਗੇ। ਸਪਤਰਿਸ਼ੀ ਪਬਲਿਕੇਸ਼ਨਜ਼ ਵੱਲੋਂ ਛਾਪੀ ਇਸ ਪੁਸਤਕ ਦੀ ਕੀਮਤ 300 ਰੁ. ਹੈ ਅਤੇ ਪੰਨੇ 195 ਹਨ।

❖ **ਮਨਿੰਦਰ ਸਿੰਘ ਸੋਨੀ**, 9891591206

# Sikhs in Netherlands

❖ **Swarn Singh Kahlon**

## Introduction

Sikhs form a significant portion of Indian immigrant population (excluding PIOs who came from Surinam) and are spread all over the country, where they are successfully settled in various professions. There were odd Sikh immigrants beginning 1950s and 1960s but majority Sikhs came from 1970s and 1980s onwards.

There are eight Gurdwaras. The Sikh connection with Surinamese Hindustanis is an interesting subject of Study. An episode relating to Sikhs in Netherlands was the voyage in 1987 of a small freighter from Rotterdam to Halifax in Canada carrying 173 passengers. This was a repeat of sorts of the famous failed voyage of *Komagata Maru* carrying Sikhs from Hong Kong to Vancouver in 1914. In 1973, 3HO Sikhs (Followers of Yogi Bhajan) established the Guru Ramdas Ashram in Amsterdam.

## The Country

A remarkable country which is a largely man-made affair, around half of which lies at or below sea level. It has Europe's highest population density. Famed for its liberal social policies, maritime trading traditions, battles to hold back the sea, robust multiculturalism and leading technological communications, the Netherlands is a mosaic of cultural intrigue. The Netherlands consistently ranks among the top places in the world to live and work in. Culture and quality living combined make the Netherlands an attractive place for expats, who are an intrinsic part of the country's knowledge-based economy. English is widely spoken. With many international companies headquartered in the Netherlands, there are plenty of employment opportunities.

Out of a population of almost 16.8 million people, more than 3.5 million have a foreign background. This multi-ethnic characteristic of the country's population has historic roots stretching back several hundred years, though most rapid changes in population demographics have come about in the last 40 years. The country has some unique features in agriculture. The Dutch cow is a revered milk machine, producing 35 litres a day. Tiny Netherlands is one of world's top three largest agricultural producers, and responsible for just over 20 per cent of the world's potato exports.

The Netherlands has produced many of the world's most famous artists from Rembrandt and Vermeer in the seventeenth century to Vincent Van Gogh in the nineteenth and Mondrian in the twentieth century. It attracts visitors from across the globe.

## HLC Report 2001

There are two distinct groups among the Indian community in the Netherlands–people of Indian origin who originally migrated from India to Suriname as indentured labour, and later migrated to the Netherlands, and a more recent wave of Indian professionals from India. The Indian community is estimated at 215,000 or 1.35 per cent out of a total population of 15.9 million. There are also approximately 2,000 illegal Indians, mostly Sikhs, in the Netherlands.

With Surinam's independence, more than 1/3rd of the PIO population availed of a provision in the Independence Act permitting Surinamese to migrate to the Netherlands before the transfer of power in 1975. Today, the Surinamese Indian community in the Netherlands, which calls itself the Surinamese Hindustanis, numbers approximately 200,000, while the more recent arrivals from India number around 15,000.

The number of the Indian families increased from 10 in 1960 to 250 by the end of 1970. The NRI community in the Netherlands mostly consists of highly qualified engineers, doctors, scientists, businessmen and other professionals. Most of them occupy senior positions in their organizations. The Surinamese Indians are proud of their cultural heritage. Even though they left Suriname over 25 years ago, they still speak Surinami Hindi, a mixture of Bhojpuri, and Awadhi, with a smattering of Dutch and English.

The Surinamese Indian community has established a large number of temples in various parts of the country. There are a number of Sikh Gurdwaras.

## Sikh Migration

There are three interesting facets of Sikh migration to Netherlands, viz., (1) Sikhs marrying the Suriname Indians settled in Netherlands (2) a *Komagata Maru* like attempt to charter a ship sailing from Rotterdam to reach the Canadian shores, and (3) a group of young Sikh professionals who are running an organization and website www.SIKHS.NL, which is doing a commendable job of creating awareness

about Sikhs amongst Dutch people and helping the community work together on various issues and challenges facing Sikhs.

Sikhs started to migrate to the Netherlands in 1970s although there were odd Sikh immigrants from 1950s onwards. Beant Singh was the first Sikh to come here from Tehran in 1953. Ahluwalia came here in 1950s as an employee of Phillips Company. Dr. Darshan Singh came to work in a hospital in 1960s and had married a foreigner.

The migration picked up somewhat in 1970s and took a quantum jump in 1980s and 1990s. The followers of Yogi Bhajan's were the first to bring the SGGS to Amsterdam and start a Gurdwara as part of Guru Ramdas Ashram. They had also set up an Indian restaurant called the Golden Temple. The appointment of the former Maharaja Yadvindra Singh of Patiala as the Indian Ambassador (1971-4) helped provide Sikhs' exposure to the Dutch Government and people.

According to Ellen Bal (Carim Case Study: Carim-India RR2012/7),

> The migrants from Punjab form the largest group amongst the Indian immigrants. Sikhs are mainly located in Amsterdam, The Hague and Rotterdam, and a fair number of Sikhs are living in Eindhoven and Amstelveen. A substantial number of Sikhs from Afghanistan have also chosen to come to the Netherlands. The Sikh Society Netherlands claims that at present some 12,000 to 15,000 Sikhs are living to the country.

They are successfully settled in various professions in the Netherlands. There are six Gurdwaras, two each in Amsterdam and The Hague, one in Rotterdam and another in Almere. The first regular Gurdwaras both in Amsterdam and Rotterdam were set up in 1981. Because of the International Court of Justice being in The Hague, there had been several political demonstrations by the Sikhs not only from Netherlands but from entire Europe protesting against various injustices meted out to them in India at the hands of the Government. Netherlands is one of the few countries in Europe where no academic work seems to have been done on Sikh studies so far. This needs to be pursued by scholars.

The Sikh connection with Surinamese Hindustanis is an interesting affair. With the independence of Surinam in 1975, many 'Hindustanis', whose ancestors had migrated there as indentured labour (beginning late nineteenth century) opted to settle in Netherlands. When Punjabis especially the illegals began migrating, they started marrying the Surinamese girls which enabled them to get 'Residence' status. Some of the marriages were genuine. Surinamese girls were keen to re-establish their long lost Indian connection–what better option than marrying the authentic Indians, the Sikhs! Many marriages, however, were merely of convenience as far as the Punjabis were concerned. Once an immigrant got the residency status, he filed for divorce and thereafter went back to Punjab to get a bride. It resulted in some disenchantment amongst the Surinamese community. There were, however, some successful marriages. Some children belonging to the second generation from both successful and not-so-successful marriages are following 'Sikhi'. An interesting case study was that of a turbaned Sikh, Jitinder Singh in The Hague who married a Surinamese but later divorced her after having a daughter. Thereafter he remarried in Punjab and has since children from the second wife. He has, however, kept harmonious relations with divorced Surinamese wife and even arranged the marriage of the daughter from earlier marriage in Punjab village to a Sikh taking care of all the expenses and formalities. The author met the divorced Surinamese wife who had interestingly come to take her stepson with a 'joora' for a day's outing.

Another episode relating to Sikhs in Netherlands was the voyage in 1987 of a small freighter, the *Amelle* from Rotterdam to Halifax in Canada carrying 173 passengers including one woman. This was a repeat of sorts of the famous failed voyage of *Komagata Maru* carrying Sikhs from Hong Kong to Vancouver, Canada in 1914. Despite the initial problems faced by the immigrants on arrival in a small fishing village of north-east Canada, the venture can be considered a success as all the passengers were ultimately granted immigration status.

www.sikhs.nl, run by relatively young Sikhs is doing a great job to look after the Sikh affairs and to promote Sikhism in Netherlands. Please see Some Interesting Events/Organisations for more details.

Bhupinder Singh Holland has done useful work on promoting Sikh causes and written books about Sikhs. His two main books are: *How Europe is Indebted to Sikhs* (about Sikh soldiers in WW I) and *The Dutch Sikhs: A Brief History*. He mentions an interesting interlude between Sikh soldiers and the Dutch settlers in Indonesia in WW II. The British had sent Sikh and Gorkha soldiers to Indonesia to fight against Japan. While they defended Indonesia, they also displayed exemplary bravery to enable the Dutch to exist Indonesia safely immediately after the war. Sokarno had declared independence from the Dutch on 17 August, 1945 (official recognition by the Dutch came only in 2005). The local populace wanted to avenge atrocities committed on them which endangered safety of the Dutch living in Indonesia and that's where the role of Indian Sikh soldiers was appreciated by the Dutch.

# Gurdwaras

www.sikhs.nl

**Amsterdam:**

1. Shri Guru Nanak Gurdwara Sahib
2. Gurdwara Maan Sarovar Sahib
   (also Guru Ram Das Ashram of 3HO)

**Almere:**

3. Gurdwara Sikh Sangat Sahib

**Den Haag (The Hague):**

4. Gurdwara Vereninging
5. Sri Guru Singh Sabha Gurdwara
   (Also Shri Guru Ravidas Temple)

**Rotterdam:**

6. Gurdwara Shri Nanak Dev



**Brussels Gurdwara honouring in two research scholars Sara Cosemans and Quincy Cloet who chaperoned author (right) during his visit, Belgium**

## Some Interesting Events/Organisations

### Ship Episode

An episode relating to Sikhs in Netherlands was the voyage in 1987 of a small freighter, The Amelle from Rotterdam to Halifax in Canada carrying 173 passengers including one woman. Following news items are of some interest.

### Canadian Coast Guard Brings Freighter

Origin of refugees still unknown

News item: 'Reformatorish Dagblad', 14 July, 1987

Red Cow Moran–the Canadian authorities have detained yesterday a cargo ship on the coast of Nova Scotia: 173 people were deposed who said they had come by boat from India. The *Amelle*, a small ship of 497 GRT and 59 meters long, was met by a Canadian Coast Guard ship. The *Amelle* flying Costa Rican flag is registered in Chile. Rob Hazen, agent of a Rotterdam shipping company, explained that the *Amelle* sailed on 23 June without cargo from the port of Rotterdam after small repairs to the ship. Messages in the Dutch press indicate that the people on board would have applied for political asylum in the Netherlands, but they feared expulsion to India and hence fled in panic.

The Amsterdam newspaper *Het Parool* reported yesterday that the refugees, who were identified as Sikhs, had come more than a year ago to Netherland via East Berlin and West Germany. Meanwhile, the Canadian Immigration Service started with questioning of the 173 men and a woman, who came ashore Sunday morning in the fishing village of Red Cow Moran: the astonished inhabitants told that they came from India. The refugees, many of whom wore a beard and turban, were laymen Sikhs. The refugees were transferred to the military base Stadacona in Halifax, the capital of Nova Scotia, for medical examination, fingerprints, etc.

www.sikhs.nl
Interview with Vikram Pal Singh and
Charanpal Singh of 'Sikhs.nl.

A Sikh organization 'Sikhs in Netherlands' run by young professionals is playing a useful role in propagating 'Sikkhi' and helping the Sikh immigrants needing help.

It works together with Dutch Government, Indian Diaspora, Human Development organizations, and multicultural organizations to create awareness by means of educational programmes, website, presentations, etc., about Sikhs. Sikhs in Netherlands website www.sikhs.nl is an independent internet-based resource which provides extensive information about Sikhism and the Sikhs in Dutch, Spanish, French and other European languages. They have successfully lobbied at various levels of Government and Law Courts for retaining of the 5 Ks by the Sikhs. Another example of the work being done by them is with regard to Sikh prisoners. Due to their efforts, the Sikh prisoners now have access to regular visits of 'Granthi', who acts as a Counsellor (earlier only a Pandit was being deputed by the Government), thereby providing emotional support to them besides providing useful income to Granthi. www.sikhs.nl is encouraging and supporting 'dharam-parchar' and Punjabi language teaching in Gurdwaras.

In a new development they are negotiating and possible setting up of a Sikh Chair at Leiden University.

Courtesy : *Sikhs: In Continental Europe*

# 100 ਸਾਲ ਪਹਿਲਾਂ

**14 ਅਕਤੂਬਰ, 1920**

## ਅਛੂਤ ਤੇ ਸਿਖ

ਸਿਖ ਧਰਮ ਕਿਸੇ ਜਾਤੀ ਨੂੰ ਜਨਮ ਤੋਂ ਅਛੂਤ ਨਹੀਂ ਮੰਨਦਾ, ਸਿਖ ਮਤ "ਏਕੁ ਪਿਤਾ ਏਕਸ ਕੇ ਹਮ ਬਾਰਿਕ" "ਸਭੇ ਸਾਂਝੀਵਲ ਸਦਾਇਨਿ" ਤੇ "ਮਾਨਸ ਕੀ ਜਾਤ ਸਬ ਏਕੈ ਪਹਚਾਨਬੋ" ਦਾ ਉਪਦੇਸ਼ ਦੇ "ਕਰਨੀ" ਨੂੰ ਪ੍ਰਧਾਨ ਠੇਹਰਾਂਦਾ ਹੈ, ਪ੍ਰੰਤੂ ਸੰਗ ਦੋਸ਼ ਦੇ ਕਾਰਨ ਸਿਖਾਂ ਵਿਚ ਵੀ ਕੁਝ ਸਮੇਂ ਤੋਂ ਕੁਝ ਜਾਤੀਆਂ ਨੂੰ ਅਛੂਤ ਸਮਝਿਆ ਜਾਣਾ ਸ਼ੁਰੂ ਹੋ ਗਿਆ ਹੈ। ਅਜੇ ਥੋੜੇ ਹੀ ਦਿਨਾਂ ਦੀ ਗਲ ਹੈ ਕਿ ਇਨ੍ਹਾਂ ਅਛੂਤ ਸਮਝੀਆਂ ਗਈਆਂ ਜਾਤਾਂ ਨੂੰ ਖੂਹਾਂ ਤੇ ਚੜ੍ਹਾਨ ਦਾ ਝਾਂਸਾ ਦੇ ਜਾਲੰਧਰ ਵਿਚ ਉਹਨਾਂ ਦੇ ਕੇਸਾਂ ਦੀ ਕਤਲਾਮ ਕਰਨ ਤੋਂ ਵੇਚੇ ਗਏ ਸਨ, ਸਿਖਾਂ ਨੂੰ ਇਸਤਰਾਂ ਪਤਤ ਹੁੰਦਾ ਸੁਣ ਤੇ ਕੇਸਾਂ ਦੀ ਇਸਤਰਾਂ ਬੇਅਦਬੀ ਹੁੰਦੀ ਵੇਖ ਚੀਫ ਖਾਲਸਾ ਦੀਵਾਨ ਵਲੋਂ ਜਾਲੰਧਰ ਵਿਚ ਇਕ ਭਾਂਤੀ ਸਮਾਗਮ ਕੀਤਾ ਗਿਆ ਜਿਸ ਵਿਚ ਸਾਰੇ ਪੰਥ ਦੇ ਪ੍ਰਤਿਨਿਧ ਤੇ ਉਘੇ ਸੱਜਣ ਸਦੇ ਗਏ। ਆਨਰੇਬਲ ਸ੍ਰਦਾਰ ਬਹਾਦਰ ਸ੍ਰ: ਸੁੰਦਰ ਸਿੰਘ ਮਜੀਠੀ ਸ਼ਾਮਲ ਸਨ ਤੇ ਇਨ੍ਹਾਂ ਜਾਤੀਆਂ ਦੇ ਸਿੰਘਾਂ ਨੂੰ ਅੰਮ੍ਰਿਤ ਛਕਾਯਾ ਤੇ ਅਭੇਦ ਕੀਤਾ ਗਿਆ।

10-11-12 ਅਕਤੂਬਰ ਨੂੰ ਖਾਲਸਾ ਬਰਾਦਰੀ ਵਲੋਂ ਜਲਿਆਂ ਵਾਲੇ ਬਾਗ਼ ਇਨ੍ਹਾਂ ਅਛੂਤ ਆਖੀਆਂ ਜਾਣ ਵਾਲੀਆਂ ਜ਼ਾਤੀਆਂ ਦੇ ਪ੍ਰਾਣੀਆਂ ਨੂੰ ਅਭੇਦ ਕਰਨ ਲਈ ਦੀਵਾਨ ਸਜਦੇ ਰਹੇ। ਤ੍ਰੈ ਦਿਨ ਦੀਵਾਨ ਹੋਣ ਦੇ ਮਗਰੋਂ 12 ਅਕਤੂਬਰ ਨੂੰ ਸਵੇਰੇ ੮।। ਬਜੇ ਦੇ ਕਰੀਬ ਜਿਨ੍ਹਾਂ ਸਿੰਘਾਂ ਨੂੰ ਅੰਮ੍ਰਿਤ ਛਕਾ ਅਭੇਦ ਕੀਤਾ ਜਾ ਚੁਕਾ ਹੋਯਾ ਸੀ ਉਹਨਾਂ ਨੂੰ ਨਾਲ ਲੈਕੇ ਸੰਗਤਾਂ ਸ਼ਬਦ ਪੜ੍ਹਦੀਆਂ ਸ੍ਰੀ ਦਰਬਾਰ ਸਾਹਿਬ ਗਈਆਂ, ਉਸ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਗ੍ਰੰਥੀ ਗੁਰਬਚਨ ਸਿੰਘ ਜੀ ਬੈਠੇ ਸਨ, ਪ੍ਰੋਫੈਸਰ ਹਰਕਿਸ਼ਨ ਸਿੰਘ ਜੀ ਐਮ.ਏ. ਨੇ ਬਿਨੈ ਕੀਤੀ ਕਿ ਖਾਲਸਾ ਬਰਾਦਰੀ ਦੇ ਅਭੇਦ ਕੀਤੇ ਸਿੰਘਾਂ ਤੇ ਸੰਗਤ ਕੜਾਹ ਪ੍ਰਸ਼ਾਦ ਲੈਕੇ ਹਾਜ਼ਰ ਹੋਈ ਹੈ, ਅਰਦਾਸਾ ਸੋਧਕੇ ਕੜਾਹ ਪ੍ਰਸ਼ਾਦ ਵਰਤਾਇਆ ਜਾਏ, ਗ੍ਰੰਥੀ ਅਰਦਾਸੀਏ ਤੇ ਪੁਜਾਰੀ ਸਬ ਨੇ ਉਤਰ ਵਿਚ ਕਿਹਾ ਕਿ ਅਸੀਂ ਸੰਗਤ ਦਾ ਹੁਕਮ ਮੰਨਣ ਨੂੰ ਤਾ ਤਯਾਰ ਹਾਂ, ਪ੍ਰੰਤੂ ਇਹ ਨਵੀਂ ਮਰਯਾਦਾ ਹੈ, ਅਗੇ ਅਜਿਹਾ ਕਦੇ ਨਹੀਂ ਹੋਇਆ, ਇਸ ਵਾਸਤੇ ਅਸੀਂ ਅਜਿਹਾ ਨਹੀਂ ਕਰ ਸਕਦੇ।

ਪ੍ਰੋਫੈਸਰ ਹਰਕਿਸ਼ਨ ਸਿੰਘ ਜੀ ਨੇ ਸੰਗਤ ਤੋਂ ਪੁਛਿਆ ਕਿ ਪੁਜਾਰੀ, ਗ੍ਰੰਥੀ ਸਿੰਘ ਅਰਦਾਸਾ ਸੋਧਣ ਤੇ ਕੜਾਹ ਪ੍ਰਸ਼ਾਦ ਵਰਤਾਣ ਨੂੰ ਤਯਾਰ ਨਹੀਂ ਹਨ ਸੰਗਤ ਕੀ ਹੁਕਮ ਦੇਂਦੀ ਹੈ?

ਇਸ ਪਰ ਬਹੁਤ ਵਿਚਾਰਾਂ ਦੇ ਮਗਰੋਂ ਸੰਗਤ ਨੇ ਫੈਸਲਾ ਕੀਤਾ ਕਿ ਸੰਗਤ ਆਪ ਅਨੰਦ ਜੀ ਦਾ ਪਾਠ ਕਰਕੇ ਅਰਦਾਸ ਸੋਧਕੇ ਕੜਾਹ ਪ੍ਰਸ਼ਾਦ ਵਰਤਾਏ, ਸੋ ਐਸਾ ਹੋ ਰਿਹਾ ਸੀ ਕਿ ਕੁਛ ਸੱਜਣ ਹੋਰ ਆ ਗਏ। ਮਾਮਲੇ ਤੇ ਵਿਚਾਰ ਮੁੜ ਸ਼ੁਰੂ ਹੋ ਗਈ ਕਿ ਅੱਗੇ ਇਕ ਅਛੂਤ ਜਾਤੀ ਦੇ ਸੂਬੇਦਾਰ ਵਸਾਵਾ ਸਿੰਘ ਜੀ ਦਰਬਾਰ ਸਾਹਿਬ ਤੋਂ ਨਿਰਾਦਰੀ ਪਾਕੇ ਗਏ ਤੇ ਜਦ ਈਸਾਈ ਹੋਕੇ ਟੋਪੀ ਪਾਕੇ ਆਏ ਤਾਂ ਸਿੱਧੇ ਅੰਦਰ ਚਲੇ ਗਏ, ਸੋ ਹੁਣ ਮਰਯਾਦਾ ਕੈਮ ਕਰਨੀ ਹੀ ਠੀਕ ਹੈ। ਸੋ ਫੇਰ ਕੜਾਹ ਪ੍ਰਸ਼ਾਦ ਮੰਗਵਾਯਾ, ਸੰਗਤ ਨੇ ਆਗਜਾ ਕੀਤੀ ਤੇ ਪੁਜਾਰੀ ਸਿੰਘਾਂ ਨੇ ਅਰਦਾਸਾ ਸੋਧਿਆ ਤੇ ਅਵਾਜ਼ ਲਈ ਗਈ ਤੇ ਕੜਾਹ ਪ੍ਰਸ਼ਾਦ ਵਰਤਾਯਾ ਗਿਆ ਜੋ ਗ੍ਰੰਥੀ ਸਿੰਘ ਤੇ ਸਾਰੇ ਹਾਜ਼ਰ ਪੁਜਾਰੀ ਸਿੰਘਾਂ ਤੇ ਸਾਰੀ ਸੰਗਤ ਨੇ ਛਕਿਆ, 10) ਗ੍ਰੰਥੀ ਸਿੰਘ ਤੇ 21) ਪੁਜਾਰੀ ਸਿੰਘਾਂ ਨੂੰ ਅਰਦਾਸ ਕਰਾਏ ਗਏ ਜੋ ਉਨ੍ਹਾਂ ਨੇ ਯਤੀਮਖਾਨੇ ਨੂੰ ਅਰਦਾਸ ਕਰਾਏ।

ਫੇਰ ਸੰਗਤ ਅਕਾਲ ਬੁੰਗੇ ਸਾਹਬ ਆਈ ਇਥੋਂ ਦੇ ਪੁਜਾਰੀ ਅੱਗੋਂ ਹੀ ਟੁਰ ਗਏ ਸਨ, ਜੋ ਇਕ ਅੱਧਾ ਸੱਜਣ ਬਾਕੀ ਸੀ ਯਾ ਬੁਲਾਇਆ ਗਿਆ ਸੀ ਅਰਦਾਸਾ ਕਰਨੋਂ ਨਾਂਹ ਕਰਕੇ ਟੁਰ ਗਏ, ਇਸ ਲਈ ਸੰਗਤ ਨੇ ਅਰਦਾਸਾ ਸੋਧ ਕੇ ਕੜਾਹ ਪ੍ਰਸ਼ਾਦ ਵਰਤਾ ਦਿੱਤਾ ਤੇ ਸਾਰੀ ਸੰਗਤ ਨੇ ਕੜਾਹ ਪ੍ਰਸ਼ਾਦ ਉਥੇ ਹੀ ਛਕਿਆ। ਪੁਜਾਰੀ ਸਿੰਘ ਉਸ ਵੇਲੇ ਦੇ ਐਸੇ ਨੱਠੇ ਹਨ ਕਿ ਹੁਣ ਤਕ ਮੁੜਕੇ ਤਖਤ ਸਾਹਬ ਨਹੀਂ ਆਏ, ਤੇ ਤਖਤ ਸਾਹਿਬ ਦੀ ਸੇਵਾ ਸੰਗਤ ਵਿਚੋਂ ਕੁਝ ਸੱਜਨ ਕਰ ਰਹੇ ਹਨ।

ਸ਼ਹਰ ਵਿਚ ਬਹੁਤ ਰੌਲਾ ਮਚਿਆ ਹੈ ਤੇ ਹਿੰਦੂ ਲੋਕ ਬਹੁਤ ਤੂਤ ਭੀਤੀਆ ਕੱਢ ਰਹੇ ਹਨ, ਪਰ ਸਾਨੂੰ ਸਮਝ ਨਹੀਂ ਪੈਂਦੀ ਕਿ ਪਿਛਲੇ ਸਾਲ ਹਿੰਦੂ ਮੁਸਲਮਾਨਾਂ ਨੇ ਰਾਮ ਨੌਮੀ ਪਰ ਇਕ ਪਿਆਲੇ ਵਿਚ ਪਾਣੀ ਪੀਤੇ ਤਾਂ ਕੋਈ ਰੌਲਾ ਨਾ ਪਿਆ। ਦੱਖਣੀ ਹਿੰਦ ਤੇ ਹੋਰ ਥਾਈਂ ਹਿੰਦੂ ਅਛੂਤ ਜਾਤੀਆਂ ਨੂੰ ਰਲਾ ਰਹੇ ਹਨ, ਸਿੱਖਾਂ ਦੀ ਵੇਰੀ ਕਿਉਂ ਛੋਟੇ ਹਥਿਆਰਾਂ ਤੇ ਉਤਰ ਪੈਂਦੇ ਹਨ। ਸਿੱਖਾਂ ਨੇ ਅੰਮ੍ਰਿਤ ਛਕਾਯਾ ਜੋ ਪ੍ਰਾਣੀ ਮਾਤ੍ਰ ਦਾ ਸਾਂਝਾ ਹੈ। ਕਿਆ ਆਰਯਾ ਸਮਾਜੀਆਂ ਨੇ ਅਛੂਤ ਜਾਤੀ ਦਾ ਕਦੇ ਕੋਈ ਨਹੀਂ ਰਲਾਯਾ ਯਾ ਕਿਸੇ ਦੇ ਘਰ ਐਸਾ ਨੌਕਰ ਨਹੀਂ ਹੈ? ਫੇਰ ਉਹ ਬਰਦਾਸ਼ਤ ਹਿੰਦੂ ਕਿਵੇਂ ਕਰ ਰਹੇ ਹਨ। ਜਦੋਂ ਪਿੰਡ ਪਿੰਡ ਈਸਾਈ ਫਿਰ ਰਹੇ ਹਨ ਤੇ ਨੀਵੀਆਂ ਕਹੀਆਂ ਜਾ ਰਹੀਆਂ ਜਾਤਾਂ ਨੂੰ ਰਲਾ ਰਹੇ ਹਨ ਤੇ ਓਹ ਫੇਰ ਕੋਈ ਦਾਈ, ਕੋਈ ਡਾਕਟਰ, ਕੋਈ ਮਦਰਸ ਤੇ ਕੋਈ ਕੁਛ ਹੋਰ ਹੋਕੇ ਹਿੰਦੂਆਂ ਦੇ ਘਰੀਂ ਸਤਕਾਰ ਪਾਂਦੇ ਹਨ ਤਦ ਕੀ ਕਾਰਨ ਹੈ ਕਿ ਸਿੱਖਾਂ ਦੇ ਕਰਤੱਵ ਦੇ ਰੌਲਾ ਪਾਯਾ ਜਾਵੇ। ਜਦੋਂ ਇਹ ਲੋਕ ਕੇਸ ਹੀਨ ਹੋਕੇ ਮੁਸਲਮਾਨ ਹੋ ਜਾਂਦੇ ਹਨ ਤਦ ਹਿੰਦੂ ਮੁਸਲਮਾਨਾਂ ਦੇ ਸਾਂਝੇ ਖੂਹਾਂ ਤੇ ਚੜ੍ਹਦੇ ਹਨ, ਪਰ ਜਦ ਇਹ ਸਿੱਖ ਹੋਣ ਤਾਂ ਹਿੰਦੂ ਮੁਸਲਮਾਨ ਘ੍ਰਿਣਾਂ ਕਰਦੇ ਹਨ। ਕੀ ਇਸਦਾ ਇਹ ਭਾਵ ਹੈ ਕਿ ਹਿੰਦੂਆਂ ਨੂੰ ਮੁਸਲਮਾਨ ਹੋਣਾ ਵਧੇਰੇ ਚੰਗਾ ਹੈ ਜੋ ਧਾਰਮਕ ਪਹਲੂ ਤੋਂ ਭੀ ਉਹਨਾਂ ਲਈ ਹਾਨੀਕਾਰਕ ਹੈ ਤੇ ਪੁਲੀਟੀਕਲ ਪਹਲੂ ਤੋਂ ਉਹਨਾਂ ਦੀ ਗਿਣਤੀ ਘਟਾਕੇ ਹਾਨੀ ਕਰਦਾ ਹੈ। ਸਿਖ ਤਾਂ ਅਪਨੇ ਸਤਗੁਰਾਂ ਦੇ ਹੁਕਮ ਵਿਚ ਪ੍ਰਾਣੀ ਮਾਤ੍ਰ ਨੂੰ ਅੰਮ੍ਰਿਤ ਛਕਾਂਦੇ ਹਨ ਤੇ ਇਸ ਅਸੂਲ ਨੂੰ ਧਰਮ ਦਾ ਅਸੂਲ ਸਮਝਦੇ ਹਨ, ਪਰ ਇਸ ਅਸੂਲ ਦੇ ਵਿਰੋਧੀ ਭੀ ਜੋ ਵਿਚਾਰ ਕਰਨਗੇ ਤਾਂ ਸਿੱਖਾਂ ਦੀ ਇਸ ਸੇਵਾ ਦੀ ਕਦਰ ਕਰਨਗੇ।

ਖਾਲਸੇ ਜੀ ਦਾ ਧਰਮ ਕਿਸੇ ਧਰਮ ਦੀ ਸ਼ਾਖ ਨਹੀਂ, ਇਕ ਵਾਹਗੁਰੂ ਵਲੋਂ ਸਾਰੇ ਜਗਤ ਦੇ ਪ੍ਰਾਣੀ ਮਾਤ੍ਰ ਲਈ ਹੈ, ਇਸ ਅਸੂਲ ਦੀ ਪਾਬੰਦੀ ਲਈ ਖਾਲਸੇ ਨੇ ਸਾਰੇ ਜਗਤ ਵਿਚ ਪ੍ਰਚਾਰ ਕਰਨਾ ਹੈ ਤੇ ਇਹ ਤਾਂ ਅਪਨੇ ਦੇਸ ਵਿਚ ਦਾ ਪ੍ਰਚਾਰ ਹੈ। ਇਸਦਾ ਇਕ ਹੋਰ ਪਹਲੂ ਸੁਤੇ ਸਿੱਧ ਪੈਦਾ ਹੁੰਦਾ ਹੈ। ਜਿੰਨਾ ਪ੍ਰਚਾਰ ਹੋਵੇਗਾ ਉਨੀਂ ਗੇਣਤੀ ਭੀ ਵਧੇਗੀ, ਜਿੰਨੀ ਗੇਣਤੀ ਵਧੇਗੀ ਓਨੀਂ ਪੁਲੀਟੀਕਲ ਹੱਕਾਂ ਵਾਸਤੇ ਕੌਮੀ ਤਾਕਤ ਭੀ ਵਧੇਗੀ। ਜੇਕਰ ਦੋ ਲੱਖ ਤੋਂ ਉਪਰ ਦੀ ਗੇਣਤੀ ਇਹਨਾਂ ਸੱਜਨਾਂ ਦੀ ਜਿਨ੍ਹਾਂ ਨੂੰ ਗਲਤੀ ਨਾਲ ਅਛੂਤ ਆਦਿ ਕਿਹਾ ਜਾਂਦਾ ਹੈ ਈਸਾਈ ਹੋ ਜਾਵੇ ਤਾਂ ਸਿਖ ਕੌਮ ਨੂੰ ਇਸ ਨੁਕਤੇ ਤੋਂ ਕਿੰਨਾ ਨੁਕਸਾਨ? ਅਤੇ ਹਿੰਦੂਆਂ ਨੂੰ ਭੀ ਨੁਕਸਾਨ ਹੈ। ਸਿੱਖਾਂ ਤੋਂ ਦੁਖ ਸੁਖ ਵੇਲੇ ਹਿੰਦੂ ਜਾਤੀ ਨੂੰ ਸਦਾ ਲਾਭ ਪੁਜਾ ਹੈ, ਸਿਖ ਜੇ ਇਹਨਾਂ ਕੌਮਾਂ ਨੂੰ ਈਸਾਈ ਆਦਿਕ ਹੋਣੋਂ ਬਚਾਂਦੇ ਤੇ ਸਿੱਖ ਬਨਾਂਦੇ ਹਨ ਜੋ ਹਿੰਦੂਆਂ ਦੀ ਰਖਜਾ ਕਰਦੇ ਆਏ ਹਨ, ਤਾਂ ਹਿੰਦੂਆਂ ਦਾ ਫਾਇਦਾ ਹੀ ਫਾਇਦਾ ਹੈ ਕਿ ਉਹਨਾਂ ਦੀ ਰਖਜਾ ਕਰਨ ਵਾਲੀ ਤਾਕਤ ਹੋਰ ਵਧ ਰਹੀ ਹੈ। ਇਸ ਲਈ ਖਾਲਸੇ ਨੂੰ ਤਾਂ ਅਪਨੇ ਅਸੂਲ ਦੀ ਪਾਬੰਦੀ ਤੋਂ ਅਪਨਾ ਕੰਮ ਕਰਨਾ ਉਚਿਤ ਹੈ ਤੇ ਹਮਸਾਇਆਂ ਨੂੰ ਖੁਸ਼ ਹੋਣਾ ਚਾਹੀਦਾ ਹੈ। ✧✧

ੴ

ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼

{ਗੁਰੂ ਗ੍ਰੰਥ ਸਾਹਿਬ ਅੰਗ-੫੬੩, ਸੰਥਜਾ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-੩੪੭੯}

ਮੂਲ ਵਡਹੰਸ ਮਾਘ ੫ ਘਰੁ ੨, ਚਉਪਦਾ ੧-੨੪ ੴ ਸਤਿਗੁਰ ਪ੍ਰਸਾਦਿ॥ ਅਰਥ

**ਮੇਰੈ ਅੰਤਰਿ ਲੋਚਾ ਮਿਲਣ ਕੀ ਪਿਆਰੇ ਹਉ ਕਿਉ ਪਾਈ ਗੁਰ ਪੂਰੇ॥ ਜੇ ਸਉ ਖੇਲ ਖੇਲਾਈਐ ਬਾਲਕੁ ਰਹਿ ਨ ਸਕੈ ਬਿਨੁ ਖੀਰੇ॥ ਮੇਰੈ ਅੰਤਰਿ ਭੁਖ ਨ ਉਤਰੈ ਅੰਮਾਲੀ ਜੇ ਸਉ ਭੋਜਨ ਮੈ ਨੀਰੇ॥ ਮੇਰੈ ਮਨਿ ਤਨਿ ਪ੍ਰੇਮੁ ਪਿਰੰਮ ਕਾ ਬਿਨੁ ਦਰਸਨ ਕਿਉ ਮਨੁ ਧੀਰੇ॥੧॥**

ਮੇਰੇ ਅੰਦਰ ਪਿਆਰੇ (ਪ੍ਰਭੂ) ਦੇ ਮਿਲਣ ਦੀ ਲੋਚਾ (ਤ੍ਰਿਖੀ ਚਾਹਨਾ) ਹੈ। (ਹੇ ਮੇਰੀ ਮਾਂ ਤੋਂ ਵਧ, ਪਿਆਰੀ ਸਖੀ, ਅਰਥਾਤ ਗੁਰਮੁਖ ਮਿਤ੍ਰੋ! ਉਸ ਪਿਆਰੇ ਪ੍ਰਭੂ ਨੂੰ ਮਿਲਾਉਣ ਵਾਲੇ) ਪੂਰੇ ਗੁਰੂ ਨੂੰ ਮੈਂ ਕਿਸ ਤਰ੍ਹਾਂ ਪਾ ਲਵਾਂ? (ਮੇਰਾ ਦਿਲ ਹੋਰ ਪਰਚਿਆਂ ਵਿਚ ਨਹੀਂ ਪਰਚਦਾ, ਜਿਸ ਤਰ੍ਹਾਂ) ਬੱਚੇ ਨੂੰ ਸੈਂਕੜੇ ਖੇਡਾਂ ਖਿਡਾਓ, (ਪਰ ਉਹ) ਦੁੱਧ ਬਿਨਾਂ ਨਹੀਂ ਰਹਿ ਸਕਦਾ; (ਉਸੀ ਤਰ੍ਹਾਂ) ਹੇ ਮੇਰੀ ਮਾਵਾਂ ਤੋਂ ਵੱਧ ਪਿਆਰੀ ਸਖੀ! ਮੇਰੇ ਅੰਦਰੋਂ (ਪ੍ਰਭੂ ਦੇ ਦਰਸ਼ਨ ਦੀ) ਭੁੱਖ ਨਹੀਂ ਲਹਿੰਦੀ, ਚਾਹੇ ਸੈਂਕੜੇ ਭੋਜਨ ਮੇਰੇ ਅੱਗੇ ਪ੍ਰੋਸੇ ਜਾਣ। ਮੇਰੇ ਮਨ ਵਿਚ ਅਤੇ ਸਰੀਰ ਵਿਚ ਪਿਆਰੇ ਦਾ ਪ੍ਰੇਮ ਹੈ (ਉਹਦੇ) ਦਰਸ਼ਨਾਂ ਬਗ਼ੈਰ ਮਨ ਨੂੰ ਕਿਵੇਂ ਧੀਰਜ ਆਵੇ॥੧॥

**ਸੁਣਿ ਸਜਣ ਮੇਰੇ ਪ੍ਰੀਤਮ ਭਾਈ ਮੈ ਮੇਲਿਹੁ ਮਿਤ੍ਰੁ ਸੁਖਦਾਤਾ॥ ਓਹੁ ਜੀਅ ਕੀ ਮੇਰੀ ਸਭ ਬੇਦਨ ਜਾਣੈ ਨਿਤ ਸੁਣਾਵੈ ਹਰਿ ਕੀਆ ਬਾਤਾ॥ ਹਉ ਇਕੁ ਖਿਨੁ ਤਿਸੁ ਬਿਨੁ ਰਹਿ ਨ ਸਕਾ ਜਿਉ ਚਾਤ੍ਰਿਕੁ ਜਲ ਕਉ ਬਿਲਲਾਤਾ॥ ਹਉ ਕਿਆ ਗੁਣ ਤੇਰੇ ਸਾਰਿ ਸਮਾਲੀ ਮੈ ਨਿਰਗੁਣ ਕਉ ਰਖਿ ਲੇਤਾ॥੨॥**

(ਜਿਸ ਨੂੰ ਅੰਮਾਲੀ ਕਿਹਾ ਸੀ ਹੁਣ ਉਸ ਨੂੰ ਭਾਈ ਆਖਦੇ ਹਨ) ਹੇ ਮੇਰੇ ਸਜਣ! ਹੇ ਮੇਰੇ ਪਿਆਰੇ ਭਾਈ! ਸੁਣ, ਮੈਨੂੰ ਸੁੱਖ ਦੇਣ ਵਾਲਾ ਮਿਤ੍ਰ (ਗੁਰੂ) ਮੇਲੋ। ਓਹ ਮੇਰੇ ਦਿਲ ਦੀ ਸਾਰੀ (ਓਦਰੇਵੇਂ ਦੀ) ਪੀੜ ਜਾਣਦਾ ਹੈ, (ਉਹ ਮੈਨੂੰ) ਹਰੀ ਦੀਆਂ ਗੱਲਾਂ ਸਦਾ ਸੁਣਾਉਂਦਾ ਹੁੰਦਾ ਹੈ। ਮੈਂ ਉਸ ਤੋਂ ਬਿਨਾਂ ਇਕ ਪਲ ਵੀ ਨਹੀਂ ਰਹਿ ਸਕਦਾ ਜਿਸ ਤਰ੍ਹਾਂ ਪਪੀਹਾ (ਸੁਆਂਤੀ ਬੂੰਦ ਦੇ) ਪਾਣੀ ਨੂੰ ਵਿਲਕਦਾ ਹੈ। ਮੈਂ ਤੇਰੇ ਕੇਹੜੇ ਗੁਣਾਂ ਨੂੰ ਯਾਦ ਕਰਾਂ, ਮੈਂ ਗੁਣਾਂ ਤੋਂ ਸੱਖਣੇ ਨੂੰ (ਤੂੰ ਹੀ ਇਕ) ਰਖਣ ਵਾਲਾ ਹੈਂ॥੨॥

**ਹਉ ਭਈ ਉਡੀਣੀ ਕੰਤ ਕਉ ਅੰਮਾਲੀ ਸੋ ਪਿਰੁ ਕਦਿ ਨੈਣੀ ਦੇਖਾ॥ ਸਭਿ ਰਸ ਭੋਗਣ ਵਿਸਰੇ ਬਿਨੁ ਪਿਰ ਕਿਤੈ ਨ ਲੇਖਾ॥ ਇਹੁ ਕਾਪੜੁ ਤਨਿ ਨ ਸੁਖਾਵਈ ਕਰਿ ਨ ਸਕਉ ਹਉ ਵੇਸਾ॥ ਜਿਨੀ ਸਖੀ ਲਾਲੁ ਰਾਵਿਆ ਪਿਆਰਾ ਤਿਨ ਆਗੈ ਹਮ ਆਦੇਸਾ॥੩॥**

(ਹੁਣ ਫੇਰ ਉਸ ਸੱਜਣ ਭਾਈ ਨੂੰ ਅੰਮਾਲੀ ਕਹਿਕੇ ਪੁਕਾਰਦੇ ਹਨ) ਹੇ ਅੰਮਾਲੀ! ਮੈਂ (ਉਸ) ਪਤੀ ਨੂੰ (ਮਿਲਣ ਵਾਸਤੇ) ਉਦਾਸ ਹੋ ਰਹੀ ਹਾਂ, ਕਦੋਂ (ਮੈਂ) ਉਸ ਪਤੀ ਨੂੰ ਅੱਖਾਂ ਨਾਲ ਦੇਖਾਂਗੀ। ਸਾਰੇ ਭੋਗ (ਤੇ ਉਨ੍ਹਾਂ ਦੇ) ਰਸ (ਮੈਨੂੰ) ਭੁੱਲ ਗਏ ਹਨ, ਪਤੀ ਤੋਂ ਬਿਨਾਂ (ਓਹ) ਕਿਸੇ ਲੇਖੇ ਨਹੀਂ। ਇਹ ਕਪੜਾ (ਭੀ) ਤਨ ਨੂੰ ਨਹੀਂ ਸੁਖਾਂਦਾ, ਮੈਂ (ਕੋਈ ਹੋਰ) ਸ਼ਿੰਗਾਰ ਲਾ ਨਹੀਂ ਸਕਦੀ। ਜਿਨ੍ਹਾਂ ਸਖੀਆਂ ਨੇ ਪਿਆਰੇ ਲਾਲ (ਅਰਥਾਤ ਪ੍ਰਭੂ) ਦਾ ਆਨੰਦ ਮਾਣਿਆ ਹੈ ਉਨ੍ਹਾਂ ਦੇ ਅੱਗੇ ਮੈਂ ਮੱਥਾ ਟੇਕਦੀ ਹਾਂ॥੩॥

**ਮੈ ਸਭਿ ਸੀਗਾਰ ਬਣਾਇਆ ਅੰਮਾਲੀ ਬਿਨੁ ਪਿਰ ਕਾਮਿ ਨ ਆਏ॥ ਜਾ ਸਹਿ ਬਾਤ ਨ ਪੁਛੀਆ ਅੰਮਾਲੀ ਤਾ ਬਿਰਥਾ ਜੋਬਨੁ ਸਭੁ ਜਾਏ॥ ਧਨੁ ਧਨੁ ਤੇ ਸੋਹਾਗਣੀ ਅੰਮਾਲੀ ਜਿਨ ਸਹੁ ਰਹਿਆ ਸਮਾਏ॥ ਹਉ ਵਾਰਿਆ ਤਿਨ ਸੋਹਾਗਣੀ ਅੰਮਾਲੀ ਤਿਨ ਕੇ ਧੋਵਾ ਸਦ ਪਾਏ॥੪॥**

ਹੇ ਅੰਮਾਲੀ! (ਪਤੀ ਨੂੰ ਮਿਲਣ ਵਸਤੇ) ਮੈਂ ਸਭ ਤਰ੍ਹਾਂ ਦਾ ਸ਼ਿੰਗਾਰ ਬਣਾਇਆ, (ਪਰ) ਪਤੀ ਦੇ ਬਿਨਾਂ (ਮਿਲੇ ਇਹ ਸ਼ਿੰਗਾਰ) ਕੰਮ ਨਾ ਆਇਆ। ਹੇ ਅੰਮਾਲੀ! ਜੇ ਪਤੀ ਵਾਤ ਨਾ ਪੁੱਛੇ ਤਾਂ (ਸੀਂਗਾਰ ਕੀਹ) ਸਾਰਾ ਜੋਬਨ ਹੀ ਬਿਰਥਾ ਚਲਾ ਜਾਂਦਾ ਹੈ। ਹੇ ਅੰਮਾਲੀ! ਉਹ ਸੁਹਾਗਣਾਂ (ਸਭ) ਧੰਨ ਹਨ, ਧੰਨ ਹਨ, ਜਿਨ੍ਹਾਂ ਦੇ (ਹਿਰਦੇ ਵਿਚ) ਪਤੀ ਸਮਾ ਰਿਹਾ ਹੈ। ਹੇ ਅੰਮਾਲੀ! ਮੈਂ ਉਨ੍ਹਾਂ ਸੁਹਾਗਣਾਂ ਤੋਂ ਸਦਕੇ ਹਾਂ, ਸਦਾ ਉਨ੍ਹਾਂ ਦੇ ਪੈਰ ਧੋਂਦੀ ਰਹਾਂ॥੪॥

**ਜਿਚਰੁ ਦੂਜਾ ਭਰਮੁ ਸਾ ਅੰਮਾਲੀ ਤਿਚਰੁ ਮੈ ਜਾਣਿਆ ਪ੍ਰਭੁ ਦੂਰੇ॥ ਜਾ ਮਿਲਿਆ ਪੂਰਾ ਸਤਿਗੁਰੂ ਅੰਮਾਲੀ ਤਾ ਆਸਾ ਮਨਸਾ ਸਭ ਪੂਰੇ॥ ਮੈ ਸਰਬ ਸੁਖਾ ਸੁਖ ਪਾਇਆ ਅੰਮਾਲੀ ਪਿਰੁ ਸਰਬ ਰਹਿਆ ਭਰਪੂਰੇ॥ ਜਨ ਨਾਨਕ ਹਰਿ ਰੰਗੁ ਮਾਣਿਆ ਅੰਮਾਲੀ ਗੁਰ ਸਤਿਗੁਰ ਕੈ ਲਗਿ ਪੈਰੇ॥੫॥੧॥੯॥**

ਹੇ ਅੰਮਾਲੀ! ਜਦ ਤਾਈਂ ਮੇਰੇ ਅੰਦਰ ਦ੍ਵੈਤ ਦਾ ਭਰਮ ਸੀ ਤਦ ਤੱਕ ਮੈਂ ਪ੍ਰਭੂ ਨੂੰ ਦੂਰ ਜਾਣਿਆ। ਹੇ ਅੰਮਾਲੀ! ਜਦੋਂ ਪੂਰਾ ਸਤਿਗੁਰੂ ਮਿਲ ਪਿਆ ਤਦ (ਮੇਰੀਆਂ) ਸਾਰੀਆਂ ਆਸਾਂ ਮਨਸਾ ਪੂਰੀਆਂ ਹੋ ਗਈਆਂ। ਹੇ ਅੰਮਾਲੀ! ਮੈਂ ਸਾਰੇ ਸੁੱਖਾਂ ਦਾ ਸੁੱਖ ਪਾ ਲਿਆ ਕਿ ਸਾਰੇ ਭਰਪੂਰ ਹੋ ਰਿਹਾ ਪਤੀ (ਮੈਂ ਲਖ ਲਿਆ)। ਹੇ ਅੰਮਾਲੀ! ਗੁਰ ਸਤਿਗੁਰ ਦੇ ਪੈਰੀਂ ਲਗ ਕੇ (ਮੈਂ) ਹਰੀ ਦਾ ਪਿਆਰ ਮਾਣ ਲਿਆ ਹੈ (ਆਖਦੇ ਹੈਨ) ਦਾਸ ਨਾਨਕ॥੫॥੧॥੯॥

'KHALSA SAMACHAR' New Delhi. Office of Posting NDGPO-110001 (Thursday-Friday) R.No.50825/1990 DL(ND)-11/6035/2018-19-20
Published & printed by Dr.Mohinder Singh on behalf of Bhai Vir Singh Sahitya Sadan, Published from Bhai Vir Singh Marg, Gole Market, New Delhi-110001 and printed at Print Media, 1331 Chowk Sangatrashan, Paharganj, New Delhi.
Editor Dr.Mohinder Singh. Phone 011-23363510, Email:info@bvsss.org www.bvsss.org
ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ ਵਲੋਂ ਪ੍ਰਕਾਸ਼ਕ ਤੇ ਛਾਪਕ ਡਾ.ਮਹਿੰਦਰ ਸਿੰਘ ਨੇ ਪ੍ਰਿੰਟ ਮੀਡੀਆ, 1331 ਚੌਂਕ ਸੰਗਤਰਾਸ਼ਾ, ਪਹਾੜ ਗੰਜ, ਨਵੀਂ ਦਿੱਲੀ-55 ਤੋਂ ਛਪਵਾਇਆ।
**ਸੰਪਾਦਕ: ਡਾ. ਮਹਿੰਦਰ ਸਿੰਘ।** [ਲੇਖਕਾਂ ਦੇ ਨਿਜੀ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ]

## ਨਾਰਵੇ ਵਿਚ ਦਸਤਾਰ ਬੰਨ੍ਹਣ ਦੇ ਨੇਮਾਂ 'ਚ ਸੋਧ




ਪੰਜਾਬ ਦੇ ਜ਼ਿਲ੍ਹਾ ਕਪੂਰਥਲਾ ਦੇ ਜੰਮਪਲ ਅਤੇ ਨਾਰਵੇ ਵਿਚ ਦਰਮਨ ਦੇ ਮਿਉਂਸੀਪਲ ਕਮਿਸ਼ਨਰ ਅੰਮ੍ਰਿਤਪਾਲ ਸਿੰਘ ਨੇ ਕਈ ਵਰ੍ਹਿਆਂ ਦੇ ਸੰਘਰਸ਼ ਤੋਂ ਬਾਅਦ ਦਸਤਾਰ ਬੰਨ੍ਹਣ ਦੇ ਵਿਸ਼ੇਸ਼ ਸਟਾਈਲ ਸੰਬੰਧੀ ਸਰਕਾਰ ਤੋਂ ਮੰਗ ਮਨਵਾਉਣ 'ਚ ਸਫ਼ਲਤਾ ਹਾਸਿਲ ਕੀਤੀ ਹੈ। ਪਹਿਲਾਂ ਨਾਰਵੇ 'ਚ ਦਸਤਾਰ ਸਜਾਉਣ ਵਾਲਿਆਂ ਦਾ ਪਾਸਪੋਰਟ ਨਹੀਂ ਬਣਾਇਆ ਜਾਂਦਾ ਸੀ। 2004 'ਚ ਨਾਰਵੇ ਸਰਕਾਰ ਨੇ ਪਾਸਪੋਰਟ ਨਿਯਮਾਂ 'ਚ ਬਦਲਾਵ ਕੀਤੇ ਜਿਸ ਤਹਿਤ ਦਸਤਾਰ ਕੰਨ ਨੰਗੇ ਰੱਖ ਕੇ ਬੰਨ੍ਹਣੀ ਜ਼ਰੂਰੀ ਸੀ ਤੇ ਇਸੇ ਤਰ੍ਹਾਂ ਦੀ ਫ਼ੋਟੋ ਪਾਸਪੋਰਟ ਤੇ ਲਾਈ ਜਾਂਦੀ ਸੀ। ਸ. ਅੰਮ੍ਰਿਤਪਾਲ ਸਿੰਘ ਨੇ ਦਸਤਾਰ ਸੰਬੰਧੀ ਇਸ ਨਿਯਮ 'ਚ ਬਦਲਾਅ ਕਰਨ ਲਈ ਸਿੱਖ ਜਥੇਬੰਦੀਆਂ ਨਾਲ ਮਿਲ ਕੇ ਸੰਘਰਸ਼ ਸ਼ੁਰੂ ਕੀਤਾ। ਸਰਕਾਰ ਨਾਲ ਕਈ ਗੇੜ ਦੀ ਗੱਲਬਾਤ ਤੋਂ ਬਾਅਦ ਨਾਰਵੇ ਦੀ ਸਰਕਾਰ ਨੇ ਕਾਨੂੰਨ ਵਿਚ ਸੋਧ ਕਰਦਿਆਂ ਪਾਸਪੋਰਟ ਤੇ ਮੌਜੂਦਾ ਰੂਪ 'ਚ ਬੰਨ੍ਹੀ ਜਾਂਦੀ ਦਸਤਾਰ ਦੀ ਫ਼ੋਟੋ ਲਾਉਣ ਦੀ ਇਜਾਜ਼ਤ ਦੇ ਦਿੱਤੀ।

## ਸਿੱਖ ਵਿਦਿਆਰਥੀਆਂ ਦਾ 85 ਫ਼ੀਸਦੀ ਖ਼ਰਚਾ ਚੁੱਕੇਗੀ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ

ਸਿਵਲ ਸੇਵਾਵਾਂ ਵਿਚ ਸਿੱਖ ਅਫ਼ਸਰਾਂ ਦੀ ਗਿਣਤੀ ਲਗਾਤਾਰ ਘੱਟਣ ਤੇ ਚਿੰਤਾ ਪ੍ਰਗਟ ਕਰਦਿਆਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਕਹਿਣਾ ਹੈ ਕਿ ਉਹ ਸਿਵਿਲ ਪ੍ਰੀਖਿਆ ਦੇਣ ਵਾਲੇ ਆਰਥਕ ਤੌਰ ਤੇ ਕਮਜ਼ੋਰ ਬੱਚਿਆਂ ਦਾ 85 ਫ਼ੀਸਦੀ ਖ਼ਰਚਾ ਚੁੱਕੇਗੀ ਤੇ ਬਿਲਕੁਲ ਕਮਜ਼ੋਰ ਬੱਚਿਆਂ ਲਈ 100 ਫ਼ੀਸਦੀ ਫੰਡਿੰਗ ਵੀ ਕਰੇਗੀ। ਇਸ ਪ੍ਰਾਜੈਕਟ ਲਈ ਕਮੇਟੀ ਵੱਲੋਂ ਪ੍ਰਤਿਭਾਵਾਨ ਸਿੱਖ ਬੱਚਿਆਂ ਨੂੰ ਸਕੂਲਾਂ ਤੇ ਕਾਲਜਾਂ ਤੋਂ ਚੁਣ ਕੇ ਸਿਵਿਲ ਸਰਵਿਸਿਜ਼ ਦੀ ਤਿਆਰੀ ਕਰਵਾਈ ਜਾਏਗੀ। ਇਸ ਸੰਬੰਧੀ ਰਜਿਸਟਰੇਸ਼ਨ ਵਾਸਤੇ ਦਿੱਲੀ ਗੁਰਦੁਆਰਾ ਕਮੇਟੀ ਦੀ ਵੈਬਸਾਈਟ ਤੇ ਫਾਰਮ ਡਾਊਨਲੋਡ ਕੀਤਾ ਜਾ ਸਕਦਾ ਹੈ ਜਾਂ ਈ-ਮੇਲ ਵਿਚ ਆਪਣੇ ਬਾਰੇ ਸਾਰਾ ਵੇਰਵਾ ਭੇਜਿਆ ਜਾ ਸਕਦਾ ਹੈ। ਦਿੱਲੀ ਕਮੇਟੀ ਅਜਿਹੇ ਵਿਦਿਆਰਥੀਆਂ ਨਾਲ ਆਪ ਰਾਬਤਾ ਕਾਇਮ ਕਰੇਗੀ।

## ਕਲਗੀਧਰ ਟਰੱਸਟ ਬੜੂ ਸਾਹਿਬ ਦਾ ਸਨਮਾਨ



ਸੰਯੁਕਤ ਰਾਸ਼ਟਰ ਵਿਕਾਸ ਪ੍ਰੋਗਰਾਮ ਅਤੇ ਪੰਜਾਬ ਯੋਜਨਾ ਵਿਭਾਗ ਨੇ ਕਲਗੀਧਰ ਟਰੱਸਟ ਬੜੂ ਸਾਹਿਬ ਨੂੰ ਟਿਕਾਊ ਵਿਕਾਸ ਟੀਚੇ ਪ੍ਰਾਪਤ ਕਰਨ ਹੇਤੂ ਐਸ.ਡੀ.ਜੀ. ਐਕਸ਼ਨ ਐਵਾਰਡ ਨਾਲ ਸਨਮਾਨਿਤ ਕੀਤਾ ਹੈ। ਇਹ ਪੁਰਸਕਾਰ ਦੁਨੀਆ ਦੀ ਬਿਹਤਰੀ ਲਈ ਕੰਮ ਕਰਨ ਵਾਲਿਆਂ ਨੂੰ ਦਿੱਤਾ ਜਾਂਦਾ ਹੈ। ਟਰੱਸਟ ਨੂੰ ਇਹ ਪੁਰਸਕਾਰ ਉੱਤਰੀ ਭਾਰਤ 'ਚ ਤਕਰੀਬਨ 70 ਹਜ਼ਾਰ ਬੱਚਿਆਂ ਨੂੰ 129 ਸਕੂਲਾਂ ਰਾਹੀਂ ਘੱਟ ਕੀਮਤ ਤੇ ਮੁਹੱਈਆ ਕਰਵਾਈ ਜਾ ਰਹੀ ਸਿੱਖਿਆ, ਦੋ ਯੂਨੀਵਰਸਿਟੀਆਂ ਚਲਾਉਣ, 2,500 ਪੇਂਡੂ ਕੁੜੀਆਂ ਦੀ ਹੁਨਰ-ਸਿਖਲਾਈ ਅਤੇ ਅਧਿਆਪਕਾਂ ਦੀ ਸਿਖਲਾਈ ਬਦਲੇ ਦਿੱਤਾ ਗਿਆ ਹੈ। ਟਰੱਸਟ ਵੱਲੋਂ ਚਲਾਈ ਨਾਰੀ ਸਸ਼ਕਤੀਕਰਨ ਦੀ ਪ੍ਰਸੰਸਾ ਵੀ ਕੀਤੀ ਗਈ ਹੈ।

## ਲੈਫ਼. ਜਨਰਲ ਹਰਿੰਦਰ ਸਿੰਘ ਸੰਭਾਲਣਗੇ ਆਈ.ਐਮ.ਏ. ਦੀ ਕਮਾਨ



ਭਾਰਤ-ਚੀਨ ਤਣਾਓ ਨੂੰ ਘਟਾਉਣ 'ਚ ਭਾਰਤ ਵੱਲੋਂ ਗੱਲਬਾਤ ਲਈ ਭਾਰਤੀ ਧਿਰ ਦੀ ਅਗਵਾਈ ਕਰਨ ਵਾਲੇ ਲੈਫ਼ਟੀਨੈਂਟ ਜਨਰਲ ਹਰਿੰਦਰ ਸਿੰਘ ਭਾਰਤੀ ਮਿਲਟਰੀ ਅਕਾਦਮੀ (ਆਈ.ਐਮ.ਏ.) ਦੀ 1 ਅਕਤੂਬਰ ਤੋਂ ਕਮਾਨ ਸੰਭਾਲਣਗੇ। ਲੇਹ 'ਚ ਤਾਇਨਾਤ ਫ਼ੌਜ ਦੀ 14ਵੀਂ ਕੋਰ ਦੀ ਅਗਵਾਈ ਕਰ ਰਹੇ ਹਰਿੰਦਰ ਸਿੰਘ ਹੁਣ ਦੇਹਰਾਦੂਨ ਸਥਿਤ ਵੱਕਾਰੀ ਆਈ.ਐਮ.ਏ. ਦੇ ਕਮਾਂਡੈਂਟ ਹੋਣਗੇ। ਲੈਫ਼. ਜਨਰਲ ਹਰਿੰਦਰ ਸਿੰਘ ਦੀ ਥਾਂ ਲੈਫ਼. ਜਨਰਲ ਪੀ.ਜੀ.ਕੇ. ਮੈਨਨ ਲੈਣਗੇ ਜੋ ਐਸ ਵੇਲੇ ਫ਼ੌਜ ਹੈਡਕੁਆਰਟਰ 'ਚ ਸ਼ਿਕਾਇਤਾਂ ਬਾਰੇ ਸਲਾਹਕਾਰ ਬੋਰਡ ਦੇ ਵਧੀਕ ਡੀਜੀ ਵਜੋਂ ਤਾਇਨਾਤ ਹਨ।

✧ ✧ ✧ ✧ ✧